
ਸੋ ਸਜਣ
ਕਿਉਂ ਵੀਸਰਹਿ
ਮਨਿੰਦਰ ਸਿੰਘ

# ਸੇ ਸਜਣ ਕਿਉਂ ਵੀਸਰਹਿ

ਜੀਵਨ ਵਿਚ ਮਨੁੱਖ ਦਾ ਸੰਸਾਰ ਉਸਦੇ ਜੀਵਨ ਨਾਲ ਸੰਬੰਧਤ ਵਿਅੱਤੀਆਂ ਕਰਕੇ ਹੁੰਦਾ ਹੈ ਜਿਸਨੂੰ ਸੰਗਤ ਕਿਹਾ ਜਾਂਦਾ ਹੈ । ਇਹ ਸੰਗਤ ਮੁੱਖ ਤੋਰ ਤੇ ਦੋ ਪ੍ਰਕਾਰ ਦੀ ਹੋ ਸਕਦੀ ਹੈ, ਸਤਿਸੰਗਤ ਤੇ ਕੁਸੰਗਤ ਤੇ । ਇਨ੍ਹਾ ਦੋਹਾਂ ਦੇ ਚੰਗੇ ਮੰਦੇ ਪ੍ਰਭਾਵ ਦਾ ਮਨੁੱਖ ਦੀ ਸ਼ਖ਼ਸੀਅਤ ਤੇ ਬੜਾ ਵਿਆਪਕ ਅਸਰ ਪੈਂਦਾ ਹੈ । ਭਾਈ ਗੁਰਦਾਸ ਜੀ ਨੇ ਅਧਿਆਤਮਕ ਪ੍ਰਾਪਤੀ ਦੇ ਸਰਵੋਤਮ ਤੇ ਨਿਮਨਤਮ ਪਦਾਂ ਦੀ ਪਰਾਪਤੀ ਚੰਗੀਮੰਦੀ ਸੰਗਤ ਦਆਰਾ ਹੀ ਦਰਸਾਈ ਹੈ :

ਕਾਹੂੰ ਕੀ ਸੰਗਤ ਮਿਲ ਜਵਿਨ ਮੁਕਤਿ ਹੋਇ
ਕਾਹੂੰ ਕੀ ਸੰਗਤ ਮਿਲ ਜਮਪੁਰ ਜਾਤ ਹੈ ।

ਆਰੰਭਕ ਜੀਵਨ ਵਿਚ ਮੈਨੂੰ ਸਮਾਜ ਦੇ ਆਰਥਕ ਪੱਖੋਂ ਨੀਵੇਂ ਸੰਸਾਰ ਵਿਚ ਰਹਿਣਾ ਪਿਆ ਜਿੱਥੇ ਜੀਵਨ ਦੀਆ ਅਤਿ ਲੋੜੀਂਦੀਆਂ ਵਸਤੂਆਂ ਤੋ ਸਿਵਾ ਹੋਰ ਕਿਸੇ ਵਸਤੂ ਦੀ ਲਾਲਸਾ ਦੀ ਗੁੰਜਾਇਸ਼ ਨਹੀਂ ਸੀ । ਇਸ ਆਰਥਿਕ ਸੀਮਾਂ ਵਿਚ ਰਹਿੰਦਿਆਂ ਉਸ ਸੰਗਤ ਤੋਂ ਬੱਚਿਆ ਰਿਹਾ ਜਿਸ ਵਿਚ ਮੌਜ ਮਸਤੀ ਲਈ ਕਈ ਆਪਹੁਦਰੇ ਤੇ ਅਨੈਤਿਕ ਕੰਮ ਕਰਨ ਦੀ ਉੱਤੇਜਨਾ ਹੁੰਦੀ ਹੈ ।ਗਰੀਬੀ ਦਾਵੇ ਦੀ ਅਜਿਹੀ ਸੰਗਤ ਤੇ ਸੱਜਣਾ ਮਿੱਤਰਾਂ ਵਿਚ ਵਿਚਰਨ ਦਾ ਮੌਕਾ ਜਿੱਥੋਂ ਜੀਵਨ ਦੀ ਨੰਗੀ ਹਕੀਕਤ ਜਾਣਨ ਸਮਝਣ ਦਾ ਅਵਸਰ ਮਿਲਿਆ ।ਬਹੁਤੇ ਸੱਜਣ ਮਿੱਤਰ ਆਪਣੀ ਆਰਥਕ ਅਵੱਸਥਾ ਵਾਲੇ ਹੀ ਮਿਲਦੇ ਰਹੇ ਜਿਨ੍ਹਾ ਪਾਸੋਂ ਸਾਦੇ ਸਰਲ ਤੇ ਸਪੱਸ਼ਟਵਾਦੀ ਜੀਵਨ ਦੀ ਪ੍ਰੇਰਨਾ ਮਿਲੀ ।

ਜੀਵਨ ਦੇ ਸਫ਼ਰ ਵਿਚ ਅਜਿਹੇ ਚੰਗੇ ਸਜਣਾ ਦੀ ਯਾਦ ਮਨ ਵਿਚ ਵੱਸੀ ਹੋਈ ਹੈ ਜਿਨ੍ਹਾ ਕਦਮ ਕਦਮ ਤੇ ਸਾਥ ਪ੍ਰੇਰਨਾ ਤੇ ਸਹਾਇਤਾ ਦਿੱਤੀ । ਵੱਖ ਵੱਖ ਸਥਾਨਾ ਤੇ ਦੇਸਾਂ ਵਿਚ ਅਜਿਹੇ ਸੱਜਣ ਆਪਣੇ ਪ੍ਰਵਾਰਕ ਜੀਆਂ ਵਾਂਗ ਮੇਰੇ ਨਾਲ ਵਰਤੇ । ਇਸ ਦਾ ਦੂਜਾ ਪੱਖ ਇਹ ਹੈ ਕਿ ਅਜਿਹੇ ਦੇਸ ਵਿਚ ਵੀ ਰਹਿਣ ਦਾ ਅਵਸਰ ਮਿਲਿਆ ਜਿਥੇ ਰਹਿਣ ਸਹਿਣ ਦੇ ਸਾਰੇ ਸੁੱਖ ਤੇ ਸਹੂਲਤਾਂ ਤਾਂ ਮਿਲੀਆਂ ਪਰੰਤੂ ਪਹਿਲਾਂ ਵਰਗੀ ਸੰਗਤ ਤੇ ਸਾਂਝ

ਲਈ ਮਨ ਤਰਸਦਾ ਰਿਹਾ । ਇਕੱਲਪੁਣੇ ਦੀ ਟੀਸ ਮਨ ਵਿਚ ਗੂੰਜਦੀ ਰਹੀ । ਸੱਜਣਾ ਮਿਤਰਾਂ ਤੇ ਸਨੇਹਿਆਂ ਦੇ ਵਿਛੋੜੇ ਦੀ ਪੀੜ ਦੇ ਨਾਲ ਨਾਲ ਸਦੀਵੀ ਵਿਛੋੜਾ ਦੇ ਗਏ ਸਨੇਹੀਆਂ ਤੇ ਸਹਿਯੋਗੀਆਂ ਦੇ ਵਿਯੋਗ ਦਾ ਦਰਦ ਵੀ ਟੀਸਾਂ ਮਾਰਦਾ ਰਿਹਾ ।

ਵਿਦਿਆਰਥੀ ਜੀਵਨ ਵਿਚ ਪੜ੍ਹੀਆਂ ਕੁਝ ਮਹਾਨ ਕਵੀਆਂ ਦੀਆਂ ਅੰਗ੍ਰੇਜ਼ੀ ਵਿਚ ਲਿਖੀਆਂ ਕਵਿਤਾਂਵਾਂ ਵੀ ਮਨ ਵਿਚ ਵੱਸੀਆਂ ਰਹੀਆਂ । ਉਨ੍ਹਾ ਦੇ ਵਿਸ਼ੇ ਵਸਤੂ ਤੋਂ ਪ੍ਰਭਾਵਤ ਹੋਕੇ ਕੀਤੇ ਅਨੁਵਾਦ ਪ੍ਰਗਟ ਕਰਨ ਨੂੰ ਜੀਅ ਕਰ ਆਇਆ ।ਉਪ੍ਰੋਕਤ ਸਾਰੇ ਪ੍ਰਭਾਵਾਂ ਵਾਲੇ ਵਿਅੱਕਤੀਆਂ,ਮੇਲੀਆਂ,ਵਿਦਿਆਰਥੀਆਂ ਤੇ ਸੱਜਣਾ ਮਿੱਤਰਾਂ ਦੀਆਂ ਪਿਆਰੀਆਂ ਤੇ ਅਣਭੋਲ ਯਾਦਾਂ ਦੀ ਇਹ ਕਾਵਿ ਪਟਾਰੀ ਪਾਠਕਾਂ ਦੀ ਭੇਟਾ ਕੀਤੀ ਜਾਂਦੀ ਹੈ ਜਿਸਨੂੰ ਪੜ੍ਹਕੇ ਜੇ ਕਿਸੇ ਦਾ ਮਨ ਇਨ੍ਹਾ ਸੱਜਣਾਂ ਦੇ ਪ੍ਰਗਟਾਏ ਗੁਣਾ ਦੀ ਖੁਸ਼ਬੋ ਦਾ ਅਹਿਸਾਸ ਕਰ ਸਕੇ ਤਾਂ ਮੇਰੀ ਇਹ ਘਾਲ ਸਫ਼ਲ ਹੋ ਜਾਵੇਗੀ ।

ਧੰਨਵਾਦ ਸਹਿਤ –

ਮਨਿੰਦਰ ਸਿੰਘ

**Email: manas00@gmail.com**

# ਆਰਸੀ


| ਸਿਰਲੇਖ | ਪੰਨਾ | ਸਿਰਲੇਖ | ਪੰਨਾ |
|---|---|---|---|
| ਮੇਰਾ ਸ਼ਹਿਰ | 5 | ਲੂਅ | 26 |
| ਮੇਰਾ ਸੂਰਜ ਕਿਤੇ ਗਵਾਚਾ | 6 | ਦੌੜ | 27 |
| ਕਵਿਤਾ ਦਾ ਨਾਤਾ | 7 | ਪ੍ਰਾਈਵੇਸੀ | 28 |
| ਭਰਮ | 8 | ਇਕ ਬੋਹੜ ਪੁਰਾਣਾ | 30 |
| ਤਾਂਘ | 9 | ਓਦੋਂ ਤੇ ਹੁਣ | 31 |
| ਅਜ ਦਾ ਦਿਨ | 10 | ਕਿਰਸਾਨੀ ਦੀ ਲੁੱਟ | 33 |
| ਮਨ ਦਾ ਮਿਰਗ | 11 | ਮੁੱਖੀਏ ਦੇ ਉੱਚੇ ਪਹਿਲ | 35 |
| ਜੀਵਨ ਕਾਸਾ | 12 | ਜੀਵਨ ਦੇ ਖਜ਼ਾਨੇ | 36 |
| ਬਾਕੀ ਬਚਿਆ | 13 | ਰਿਖੀ ਰੁਖ | 38 |
| ਆਪਣੀ ਧਰਤੀ ਦੀ ਧੂਹ | 14 | ਕਹਿਰ ਤੋਂ ਮੇਹਰ | 40 |
| ਬੋਹੜ ਦੀ ਛਾਂ | 17 | ਸਹਜ ਜੀਵਨ | 41 |
| ਚਾਨਣ ਦੀ ਲੀਕ | 18 | ਫ਼ਲੈਂਡਰਜ਼ ਦੇ ਮੈਦਾਨ ਵਿਚ | 42 |
| ਆਵਾਜ਼ਾਂ ਦੀ ਗੂੰਜ | 19 | ਮਿਹਨਤ ਦਾ ਫਲ | 44 |
| ਇਕ ਕੂੰਜ | 20 | ਬੁੱਢਾ ਖਾਨਾਬਦੋਸ਼ ਸਮਾ | 45 |
| ਕੋਇਲ ਦਾ ਆਲ੍ਹਣਾ | 22 | ਖਿੜਦੇ ਫੁਲਾਂ ਨੂੰ | 47 |
| ਬਿਰਹੋਂ ਹੰਡਾਵਣ ਆਏ | 23 | ਸੁਨਹਿਰੇ ਨਰਗਸੀ ਫੁਲ | 48 |
| ਕੀ ਹੈ ਜੀਵਨ | 24 | ਨਿਕੰਮੇ ਅੱਥਰੂ | 50 |
| ਮੰਜ਼ਲ | 25 | ਆ ਸਜਣ ਮਿਲ ਬੈਠ | 52 |

# ਮੇਰਾ ਸ਼ਹਿਰ

ਇਹ ਮੇਰਾ ਸ਼ਹਿਰ ਹੁਣ ਮੇਰਾ ਨਹੀਂ ਰਿਹਾ ।
ਬਸੇਰਾ ਨਹੀ ਰਿਹਾ, ਉਹ ਚੁਫ਼ੇਰਾ ਨਹੀ ਰਿਹਾ ।
ਜਾਣਨ ਸਿਵਾਣਨ ਵਾਲੇ ਉਹ ਲੋਕ ਨਾ ਰਹੇ,
ਲੋਕਾਂ ਦੇ ਉਹ ਨਰੋਏ ਸ਼ੌਕ ਨਾ ਰਹੇ ।
ਰਾਮ–ਲੀਲਾਵਾਂ ਨੌਟੰਕੀਆਂ ਦੇ ਮੇਲ ਨਾ ਰਹੇ ।
ਕੁਸ਼ਤੀਆਂ ਕਬੱਡੀਆਂ ਦੇ ਖੇਲ ਨਾ ਰਹੇ ।
ਸਤਿਸੰਗ ਜੋੜਮੇਲੇ ਕਵੀ ਦਰਬਾਰ ਨਾ ਰਹੇ।
ਸਾਂਝਾਂ ਪਿਆਰ ਵੰਡਦੇ ਤਿਉਹਾਰ ਨਾ ਰਹੇ ।
ਖੁਲ੍ਹੇ ਦਵਾਰਾਂ ਵਾਲੇ ਉਹ ਘਰਬਾਰ ਨਾ ਰਹੇ,
ਨਾਮਾ,ਦੀਪਾ,ਜੀਤੂ ਜਹੇ ਉਹ ਯਾਰ ਨਾ ਰਹੇ ।
ਉਹ ਦੁਕਾਨਾ ਤੇ ਗਲੀ ਬਾਜ਼ਾਰ ਨਾ ਰਹੇ ।
ਸੁਖਾਂ ਦੁਖਾਂ ਦੇ ਬੇਲੀ ਰਿਸ਼ਤੇਦਾਰ ਨਾ ਰਹੇ ।
ਨਦੀਆ ਕਿਨਾਰੇ ਉਹ ਖੁਲ੍ਹੇ ਖੇਤ ਨਾ ਰਹੇ ।
ਫ਼ੱਗਣ  ਵੈਸਾਖ ਸਾਵਣ ਉਹ ਚੇਤ ਨਾ ਰਹੇ ।
ਹੁਣ ਤਾਂ ਤਾਂ ਭੀੜਾਂ ਦਿਸਦੀਆ ਇਨਸਾਨ ਨਹੀਂ ਦਿਸਦਾ।
ਮੰਦਰ ਸ਼ਿਵਾਲੇ ਦਿਸਦੇ ਭਗਵਾਨ ਨਹੀਂ ਦਿਸਦਾ ।
ਚਲਦੇ ਸੀ ਜਿਨ੍ਹਾਂ ਰਾਹਾਂ ਤੇ ਬੇਫ਼ਿਕਰ ਮਸਤ ਚਾਲ,
ਉਨ੍ਹਾ ਤੇ ਹੁਣ ਦੋ ਕਦਮ  ਤੁਰਨਾ ਹੋਇਆ ਮੁਹਾਲ ।
ਪਾਲੇ ਪਲੋਸੇ ਸੁਪਨਿਆਂ ਦਾ ਘਾਣ ਹੋ ਗਿਆ,
ਘਰਬਾਰ ਵਰਗਾ ਸ਼ਹਿਰ ਬੇਪਛਾਣ ਹੋ ਗਿਆ ।

# ਮੇਰਾ ਸੂਰਜ ਕਿਤੇ  ਗਵਾਚਾ

ਰੋਜ਼ ਸਵੇਰੇ ਮੂੰਹ ਲਗਦਾ ਸੀ,ਝਾਤ ਆਖਕੇ ਰੋਜ਼ ਜਗਾਂਦਾ ।
ਕਦਮ ਕਦਮ ਸੰਗ ਸੰਗ ਸੀ ਤੁਰਦਾ,ਨਵੀਂ ਕੋਈ ਗਲਬਾਤ ਸੁਣਾਦਾ।
ਰਾਹ ਭਾਵੇਂ ਬਿਖੜੇ ਵੀ ਹੋਵਨ,ਐਪਰ ਨਾਲ ਨਾਲ ਸੀ ਜਾਂਦਾ ।
ਮੀਂਹ ਹਨੇਰੀ ਝੱਖੜ ਵਿਚ ਵੀ,ਹਲਾਸ਼ੇਰੀ ਦੇਈ ਜਾਂਦਾ ।
ਡਿਗ ਪਵਾਂ ਤਾਂ ਆਪ ਉਠਾਂਦਾ,ਭਿੱਜ ਜਾਵਾਂ ਤਾਂ ਆਪ ਸੁਕਾਂਦਾ ।
ਸਰਦੀ ਗਰਮੀ ਬਰਸਾਤ ਪਤਜੜਾਂ,ਨਾਲ ਨਾਲ ਸੀ ਆਪ ਹੰਡਾਂਦਾ ।
ਕਦੇ ਕਦੇ ਮੈਥੋਂ ਰੁੱਸ ਜਾਂਦਾ, ਕਦੇ ਕਦੇ ਮੈਨੂੰ ਵਰਚਾਂਦਾ।
ਸੋਕਿਆਂ ਦੀ ਰੁੱਤੇ ਸੰਗ ਰਹਿੰਦਾ,ਵਿਚ ਸਾਵਣ ਦੇ ਛਹਿਬਰ ਲਾਂਦਾ ।
ਮੁਰਝਾਏ ਕੁਮਲਾਏ ਮਨ ਨੂੰ, ਰੁੱਤ ਬਹਾਰ ਦੇ ਵਾਂਗ ਤ਼ਾਂਦਾ ।
ਸਾਰੇ ਦੁੱਖ ਸੁਖ ਦਰਦ ਵੰਡਾਂਦਾ,ਸੱਜਣਾਂ ਾਂਗ ਹੀ ਸਾਥ ਨਿਭਾਂਦਾ ।
ਹੁਣ ਦਾ ਸੂਰਜ ਰੋਜ਼ ਸਵੇਰੇ,ਬਿਨਾ ਬੁਲਾਂਇਆ ਹੀ ਲੰਘ ਜਾਂਦਾ ।
ਪਤਾ ਨਹੀਂ ਕਦੋਂ ਹੈ ਚੜ੍ਹਦਾ,ਪਤਾ ਨਹੀਂ ਕਦੋਂ ਛੁਪ ਜਾਂਦਾ ।
ਰਾਹ ਵਿਚ ਕਿਧਰੇ ਜੇ ਮਿਲ ਜਾਵੇ,ਲੰਘ ਜਾਵੇ ਉਹ ਅੱਖ ਚੁਰਾਂਦਾ ।
ਨਹੀਂ ਕਦੇ ਮੇਰੇ ਵਲ ਤਕਦਾ,ਵਾਜ ਮਾਰ ਨਾ ਕਦੇ ਬੁਲਾਂਦਾ ।
ਜੇਕਰ ਆਪ ਬੁਲਾਂਵਾਂ ਵੀ ਤਾਂ,ਅਣਸੁਣਿਆਂ ਹੀ ਲੰਘ ਜਾਂਦਾ ।
ਸੋਚਾਂ ਕਿਸਦੇ ਨਾਲ ਮੈਂ ਬੋਲਾਂ,ਭੇਦ ਦਿਲ ਦੇ ਕਿਸ ਅੱਗੇ ਖੋਲ੍ਹਾਂ ।
ਕਿਸਨੂੰ ਵਿਥਿਆ ਆਖ ਸੁਣਾਂਵਾਂ,ਕਿਸ ਸੰਗ ਅਪਣੇ ਦੁਖ ਸੁਖ ਫ਼ੋਲਾਂ ।
ਇਹ ਨਾ ਮੇਰੀ ਬੋਲੀ ਸਮਝੇ, ਇਹ ਨਾ ਮੇਰੇ ਨਕਸ਼ ਪਛਾਂਣੇ ।
ਇਹ ਨਾਹ ਮੇਰੀ ਪੀੜ ਦਾ ਸਾਥੀ, ਇਹ ਨਾ ਦਿਲ ਦੀ ਵੇਦਨ ਜਾਣੇ ।
ਮੇਰੇ ਦਿਲ ਦਾ ਸੁਖ ਗਵਾਚਾ, ਮੇਰੇ ਦਿਲ ਦਾ ਚੈਨ ਗਵਾਚਾ ।
ਮੇਰੀ ਰਾਤ ਵੀ ਕਿਤੇ ਗਵਾਚੀ, ਮੇਰਾ ਦਿਨ ਵੀ ਕਿਤੇ ਗਵਾਚਾ ।
ਮੇਰਾ ਸੂਰਜ ਕਿਤੇ  ਗਵਾਚਾ ।

# ਕਵਿਤਾ ਦਾ ਨਾਤਾ

ਮਾਤ ਪਿਤਾ ਪਰਵਾਰ ਦੇ ਰਿਸ਼ਤੇ,
ਸਭ ਦੋਸਤ ਮਿੱਤਰ ਤੇ ਭਰਾਤਾ ।
ਸਭਨਾਂ ਰਿਸ਼ਤਿਆਂ ਤੋਂ ਉੱਤਮ ਹੈ
ਇਹ ਕਵਿਤਾ ਦਾ ਨਾਤਾ ।
ਸੰਬੰਧਾਂ ਦੀ ਸਭ ਸਾਂਝ ਸਿਥਲ ਹੈ,
ਦਿਨ ਦਿਨ ਜਾਇ ਨਿਖੁੱਟਦੀ ।
ਪਰ ਕਵਿਤਾ ਦੇ ਰਿਸ਼ਤੇ ਦੀ,
ਨਾਂਹ ਸਾਂਝ ਕਦੇ ਵੀ ਟੁੱਟਦੀ ।
ਗੁਣ ਔਗੁਣ ਸਭ ਲਾਭ ਹਾਣ,
ਤਪ ਸੀਤ ਤੇ ਰੋਸੇ ਹਾਵੇ ,
ਚਾਂਈਂ ਚਾਈਂ ਇਹ ਰਿਸ਼ਤਾ,
ਦੁੱਖ ਸੁੱਖ ਸਭ  ਨਾਲ ਹੰਡਾਵੇ ।
ਯਾਦਾਂ ਵਿਚ ਇਹ ਰਿਸ਼ਤਾ ਜੀਵੇ,
ਦਿਲ ਦੇ ਅੰਦਰ ਵਾਰ ।
ਉਨ੍ਹਾ ਦੇ ਵੀ ਨਾਲ  ਰਹੇ,
ਜੋ ਗਏ ਜੀਵਨ ਤੋਂ ਪਾਰ
ਫ਼ਿੱਕੇ ਪੈ  ਜਾਵਣ ਸਭ ਨਾਤੇ,
ਇਹ ਰਿਸ਼ਤਾ ਸਦਾ ਬਹਾਰੀ ।
ਸ਼ਾਲਾ ਕਾਇਮ ਰਹੇ ਇਹ ਸਾਡੀ,
ਕਵਿਤਾ ਦੇ ਰਿਸ਼ਤੇ ਦੀ ਯਾਰੀ ।

# ਭਰਮ

ਕੁਝ ਹੋਣ ਦਾ ਜੋ ਭਰਮ ਸੀ ਹੀਣਾ ਪਿਆ ।
ਕੁਝ ਵੀ ਨਹੀਂ ਮੈਂ ਸਮਝ ਕੇ ਜੀਣਾ ਪਿਆ ।
ਮੇਲਾਂ ਦੀ ਛਹਿਬਰ ਦਾ ਮੌਸਮ ਲੰਘਿਆ,
ਹਿਜਰ ਦਾ ਕੌੜਾ ਘੁਟ ਪੀਣਾ ਪਿਆ ।
ਅਪਣਤ ਦਾ ਭਾਂਡਾ ਵਿਚ ਚੁਰਾਹੇ ਭੱਜਿਆ,
ਬੇਗਾਨਾ ਆਪਣੇ ਆਪ ਤੋਂ ਥੀਣਾ ਪਿਆ ।
ਮੇਲੇ ਬਹਾਰਾਂ ਦੇ ਬੜੇ ਰਮਣੀਕ ਸਨ,
ਇਕੱਲਤਾ ਦੇ ਨਾਲ ਵਰਤੀਣਾ ਪਿਆ ।
ਬੋਲਾਂ ਦੀਆਂ ਮਿਠੀਆਂ ਸੁਰਾਂ ਸਭ ਮੁਕੀਆਂ,
ਸੁੰਨ ਦੀ ਸੁਰ ਨਾਲ ਸੁਰ ਹੀਣਾ ਪਿਆ ।
ਪਰਚਾਵਿਆਂ ਦੇ ਝੂਲਣੇ ਮਨ ਝੁਲਦਾ ਸੀ,
ਪਰਤਾਵਿਆਂ ਦੀ ਪਰਖ ਪਰਖੀਣਾ ਪਿਆ ।
ਇਹ ਵੀ ਭਾਵੇਂ ਜ਼ਿੰਦਗੀ ਦਾ ਹੈ ਵਿਕਾਸ,
ਅਪਣਾ ਆਪਾ ਭੁਲਕੇ ਥੀਣਾ ਪਿਆ ।

# ਤਾਂਘ

ਤਾਂਘਦਾ ਹੈ ਦਿਲ ਵਾਰ ਵਾਰ ਉਸ ਧਰਤ ਲਈ
ਜਿੱਥੇ ਸਭ ਆਲਾ ਦੁਆਲਾ  ਲਗਦਾ ਸੀ ਆਪਣਾ ।
ਆਂਢ ਗਵਾਂਢ ਘਰ ਗਲੀ ਮੁਹੱਲੇ ਚੁਰਾਹੇ ਬਾਜ਼ਾਰ ,
ਲਗਦੀ ਸੀ ਸਾਂਝ  ਧੁਰਾਂ ਦੀ ਉਹਨਾ ਨਾਲ ।
ਗਲੀਆਂ ਬਾਜ਼ਾਰਾਂ ਵਿਚ ਤੁਰੇ ਜਾਂਦੇ ਲੋਕ ਲਗਦੇ ਸੀ ਆਪਣੇ ।
ਉਹਨਾਂ ਦੀਆ ਗਲਾਂ ਹਾਵ ਭਾਵ ਤੇ ਚਿਹਰਿਆ ਦੇ ਉਤਾਰ ਚੜ੍ਹਾ,
ਸਭ ਆਪਣੇ ਹੀ ਦਿਲ ਦੇ ਆਇਨੇ ਵਿਚ ਝਲਕਦੇ  ਸਨ ।
ਊਂਹਨਾਂ ਨਾਲ ਦੁਆ ਸਲਾਮ ਹੋਵੇ ਨਾ ਹੋਵੇ,
ਅੱਖਾਂ ਮਿਲਦਿਆਂ ਹੀ ਪਛਾਣ ਜਾਗ ਪੈਂਦੀ ।
ਦਿਲ ਆਪ ਮੁਹਾਰੇ ਬੋਲ ਪੈਂਦਾ , ਇਹ ਉਹੀਓ ਹੈ ਮਿੱਤਰ ਮੇਰਾ ,
ਮੇਰੇ ਵਾਂਗ ਓਦਰਿਆ ਤੇ ਸਤਾਇਆ ਹੋਇਆ ਿ
ਜ਼ੰਦਗੀ  ਦੀਆਂ ਸਮੱਸਿਆ ਤੋਂ ਪਰੇਸ਼ਾਨ ਬੇਜ਼ਾਰ ।
ਦਰਦਾਂ ਦੇ ਰਿਸ਼ਤੇ ਹੁੰਦੇ ਨੇ ਕਿਤਨੇ ਓਸਾਰੂ,
ਦੁਖ ਵੀ ਕਿਸਤਰ੍ਹਾਂ ਬਣਦੇ ਨੇ ਦਾਰੂ ।
ਘਰ ਪਰਵਾਰ ਦੀਆਂ ਸਮੱਸਿਆਵਾਂ ਨੌਕਰੀ ਤੇ ਰੋਜ਼ਗਾਰ ਦੇ ਮਸਲੇ,
ਫੈਲਦੀ ਮਹਿੰਗਾਈ ਤੇ ਸੁਕੜਦੀ ਆਮਦਨੀ ,
ਲੋੜਾਂ ਹੀ ਲੋੜਾਂ ਤੇ ਥੋਹੜਾਂ ਹੀ ਥੋਹੜਾਂ ਦੀ ਦੁਹਾਈ,
ਹਰੇਕ ਦਿਲ ਵਿਚ ਗੂੰਜਦੀ ਪਰਤੀਤ ਹੁੰਦੀ ।
ਸਾਂਝ ਦੀ ਇਹ ਵੀ ਇਕ ਰੀਤ ਹੁੰਦੀ ,
ਬੜੀ ਅਜੀਬ ਹੈ ਦਰਦ ਦੀ ਇਹ ਸਾਂਝ,
ਜਿਸਦੀ ਹਮੇਸ਼ਾ ਬਣੀ  ਰਹਿੰਦੀ ਹੈ ਤਾਂਘ ।

# ਅਜ ਦਾ ਦਿਨ

ਜੀਵਨ ਦੇ ਅਨਮੋਲ ਖਜ਼ਾਨੇ, ਜੀਣ ਸਮੱਗਰੀ ਦੇ ਨਜ਼ਰਾਨੇ
ਯਾਦਾਂ ਦੇ ਅਣਗਿਣਤ ਫ਼ਸਾਨੇ,ਲੈਕੇ ਜੀਵਨ ਮੀਤ ਗਿਆ ਹੈ ।
ਸਵਾਸਾਂ ਦਾ ਬੇਮੁਲ ਸਰਮਾਇਆ,ਬੀਤਿਆ ਸਮਾ ਜੋ ਹੱਥ ਨਾ ਆਇਆ ।
ਪਲ ਪਲ ਛਿਨ ਛਿਨ ਛਿਜਦੀ ਕਾਇਆ,ਕਲ ਜੋ ਤ੍ਰੋੜ ਪ੍ਰੀਤ ਗਿਆ ਹੈ ।
ਕੁਦਰਤ ਦੇ ਅਸਚਰਜ ਨਜ਼ਾਰੇ,ਸੋਹਣੇ ਸੂਰਜ ਚੰਨ ਤੇ ਤਾਰੇ ।
ਧਰਤ ਆਕਾਸ਼ ਦੇ ਰੰਗ ਨਿਆਰੇ,ਹਰ ਇਕ ਸੰਗ ਇਕ ਗੀਤ ਗਿਆ ਹੈ ।
ਹਰਿਆਵਲ ਗਈ ਪੀਲੱਤਣ ਬਹੁੜੀ ਕੁਦਰਤ ਨੇ ਚਿਟੀ ਚਾਦਰ ਓੜ੍ਹੀ ,
ਉਮਰਾ ਦੀ ਸੰਧਿਆ ਗਹਿਰਾਈ ਜੀਵਨ ਦਾ ਸੰਗੀਤ ਗਿਆ ਹੈ ।
ਸਭ ਕੁਝ ਚਲੋ ਚਲੀ ਦਾ ਮੇਲਾ,ਹਥੀਂ ਗਵਾ ਲਿਆ ਸਭ ਵੇਲਾ
ਹੋਵੇ ਜਿਸਦਾ ਕਰਮ ਸੁਹੇਲਾ,ਜੀਵਨ ਬਾਜੀ ਜੀਤ ਗਿਆ ਹੈ ।

# ਮਨ ਦਾ ਮਿਰਗ

ਹੁਣ ਤਾਂ ਸ਼ਾਮਾਂ ਪੈ ਗਈਆ ਨੇ,ਘਰ ਪਰਤਣ ਨੂੰ ਜੀਅ ਕਰਦਾ ਹੈ ।

ਐਪਰ ਵੇਖ ਮੰਜ਼ਲ ਦੀ ਦੂਰੀ,ਚਲਦੇ ਰਹਿਣ ਦੀ ਹੈ ਮਜਬੂਰੀ ।

ਕਿਤਨੀਆਂ ਰਾਤਾਂ ਕਿਤਨੇ ਦਿਨ ਨੇ,ਕਿਤਨੇ ਪਲ ਤੇ ਕਿਤਨੇ ਛਿੰਨ ਨੇ ।

ਕਿੰਨੀਆਂ ਗਰਮੀਆਂ ਕਿੰਨੇ ਸਿਆਲੇ,ਕਿਤਨੀਆਂ ਹੁੰਮਸਾਂ ਕਿਤਨੇ ਪਾਲੇ ।। ਕਿਤਨੇ ਪਤਝੜ ਤੇ ਬਰਸਾਂਤਾਂ,ਕਿਤਨੇ ਦਿਨ ਤੇ ਕਿੰਨੀਆਂ ਰਾਤਾਂ ।

ਜੀਵਨ ਇਕ ਮਾਰੂਥਲ ਹੋਇਆ,ਮਨ ਦਾ ਮਿਰਗ ਜਿਸਨੇ ਹੈ ਮੋਹਿਆ ।

ਮ੍ਰਿਗ ਤ੍ਰਿਸਨਾ ਵਲ ਭਜ ਭਜ ਥਕਿਆ,ਅਜੇ ਵੀ ਨਹੀ ਏਸਤੋਂ ਅੱਕਿਆ । ਇਸਦੀ ਪਿਆਸ ਨਾ ਹੋਈ ਪੂਰੀ ,ਇਸਦੀ ਆਸ ਨਾ ਹੋਈ ਪੂਰੀ ।

ਬਸ ਕੁਝ ਯਾਦਾਂ ਦੇ ਪਰਛਾਵੇਂ , ਬੈਠਕੇ ਜਿਨ੍ਹਾਂ ਦੀ ਛਾਂਵੇਂ ।

ਥੋੜਾ ਚਿਰ ਸੁਸਤਾ ਲੈਂਦਾ ਹੈ, ਆਪਣਾ ਮਨ ਪਰਚਾ ਲੈਂਦਾ ਹੈ ।

ਫ਼ਿਰ ਮੁੜਕੇ ਉਠਕੇ ਹੈ ਦੌੜਨ ਲਗਦਾ ,ਮੰਜ਼ਿਲ ਦਾ ਪਰ ਪਤਾ ਨਾ ਲਗਦਾ ।

# ਜੀਵਨ ਕਾਸਾ

ਉਮਰ ਦਾ ਸੂਰਜ ਢਲ ਚਲਿਆ ਹੈ,ਜੀਵਨ ਸੰਧਿਆਂ ਵਲ ਚਲਿਆ ਹੈ
ਲ਼ਗਦਾ ਸਮਾ ਹੀ ਛਲ ਚਲਿਆ ਹੈ ।
ਪਈ ਰਹੀ ਧਾਈ ਹੀ ਧਾਈ,ਚਲਦਿਆਂ ਕਿਤਨੀ ਉਮਰ ਬਿਤਾਈ
ਐਪਰ ਮੰਜ਼ਲ ਅਜੇ ਨਾਹ ਆਈ ।
ਰਹੀ  ਕਿਤੋਂ ਵੀ ਆਸ ਨਹੀ ਹੈ,ਮਨ ਫ਼ਿਰ ਵੀ ਨਿਰਾਸ ਨਹੀਂ ਹੈ
ਦਾਤੇ ਤੋਂ ਬੇਆਸ ਨਹੀਂ ਹੈ ।
ਭਾਂਵੇ ਇਹ ਵੀ ਕਾਰੋਬਾਰ ਸੀ, ਜੀਵਨ ਨਿਰਵਾਹ ਦਾ ਵਿਹਾਰ ਸੀ ,
ਐਪਰ ਖਿਚਦਾ ਕੋਈ ਤਾਰ ਸੀ ।
ਸੌ ਗਰਜ਼ਾਂ ਵਿਉਹਾਰਾਂ ਵਿਚ ਵੀ,ਜੀਵਨ ਦੇ ਰੁਜ਼ਗਾਰਾਂ ਵਿਚ ਵੀ,
ਬਣੀ ਰਹੀ ਕੁਝ ਉਸਦੀ ਕੁਝ ਖਿਚ ਵੀ ।
ਬਸ ਇਹੀਓ ਹੈ ਜੀਵਨ ਪੂੰਜੀ, ਭਾਵੇਂ ਆਪਣੀ ਸੁਰਤ ਹੈ ਸੁੰਞੀ'
ਇਹੋ ਆਸ ਹੈ ਮਨ ਵਿਚ ਗੂੰਜੀ ।
ਮਨ ਵਿਚ ਹੁਣ ਇਹੀਓ ਆਸਾ ਹੈ, ਇਕੋ ਇਕ  ਹੀ ਅਭਿਲਾਸਾ ਹੈ ,
ਜੀਵਨ ਬਣਿਆ ਇਕ ਕਾਸਾ ਏ ।

# ਬਾਕੀ ਬਚਿਆ

ਕਿਤਨੀ ਉਮਰਾ ਬੀਤ ਗਈ ਹੈ,ਸਾਂਝਾਂ ਦੀ ਪਰਤੀਤ ਗਈ ਹੈ
ਮਿਲ ਬੈਠਣ ਦੀ ਰੀਤ ਗਈ ਹੈ ।
ਕਿਤਨੇ ਸਜਣ ਪਿਆਰੇ ਪਿਆਰੇ,ਮੇਲਾਂ ਦੇ ਦੇ ਗਏ ਹੁਲਾਰੇ
ਕਿਧਰ ਗਏ ਸਾਰੇ ਦੇ ਸਾਰੇ ?
ਹੁਣ ਨਾਹ ਕਿਸੇ ਨੂੰ ਮਿਲਣ ਜਾਣਾ,ਨਾਹੀਂ ਕਿਸੇ ਨੇ ਮਿਲਣ ਆਉਣਾ ,
ਆਪਣੇ ਨਾਲ ਹੀ ਜੀਅ ਪਰਚਾਣਾ ।
ਬਚਪਨ ਸੁਪਨੇ ਵਾਂਗ ਬਿਤਾਇਆ,ਜੋਸ਼ ਜਵਾਈ ਝੱਖੜ ਆਇਆ
ਫ਼ੇਰ ਖਿਜ਼ਾਂ ਦਾ ਮੌਸਮ ਆਇਆ ।
ਕੀ ਖਟਿਆ ਤੇ ਕੀ ਗਵਾਇਆ,ਕਦੇ ਬੈਠ ਹਿਸਾਬ ਜੇ ਲਾਇਆ
ਹਥ ਪਲੇ ਕੁਝ ਵੀ ਨਾਹ ਆਇਆ ।
ਜਿਨ੍ਹਾ ਨਾਲ ਤਨ ਮਨ ਸੀ ਰਚਿਆ, ਉਹਨਾਂ ਦੀਆ ਯਾਦਾਂ ਮਨ ਖਚਿਆ
ਬਸ ਇਹੀਓ ਕੁਝ ਬਾਕੀ ਬਚਿਆ ।

# ਆਪਣੀ ਧਰਤੀ ਦੀ ਧੂਹ

ਅਚਾਨਕ ਮੈ ਕਿਤਨਾ ਅੱਗੇ ਲੰਘ ਆਇਆ ਹਾਂ,
ਪਰੰਤੂ ਮੇਰਾ ਸਭ ਕੁਝ ਹੀ ਪਿੱਛੇ ਛੁਟ ਗਿਆ ਹੈ ,
ਘਰ, ਪ੍ਰਵਾਰ, ਬੱਚੇ, ਭੈਣਾ ਤੇ ਭਰਾ ,
ਜਿਨ੍ਹਾਂ ਬਿਨਾ ਲਗਦਾ ਜੀਵਨ ਅਧੂਰਾ ਅਧੂਰਾ।
ਪਿਆਰੇ ਮਿੱਤਰ ਤੇ ਮਿੱਠੇ ਮਿੱਠੇ ਸੱਜਣ,
ਜਿਨ੍ਹਾ ਕੋਲ ਬੈਠਕੇ ਮਿਲਦਾ ਸੀ ਕਿਤਨਾ ਧਰਵਾਸ,
ਬੋਹੜ ਦੀ ਠੰਡੀ ਛਾਂ ਵਰਗਾ ਅਹਿਸਾਸ ।

ਯਾਦ ਆਉਂਦਾ ਹੈ ਮੁੜ ਵਾਰ ਵਾਰ, ਆਪਣਾ ਸ਼ਹਿਰ,
ਗਲੀਆਂ ਕੂਚੇ ਤੇ ਬਾਜ਼ਾਰ ।
ਟੁੱਟੀਆਂ ਸੜਕਾਂ ਤੇ ਕੂੜੇ ਦੇ ਅੰਬਾਰ ।
ਮਕਾਨ ਬਹੁਤ ਸਾਰੇ ਕੱਚੇ ਤੇ ਖਪਰੈਲਾਂ ਵਾਲੇ,
ਤੇ ਕੁਝਕੁ ਆਲੀਸ਼ਾਨ ਮਹਿਲਾਂ ਵਾਲੇ ।
ਕਿਤਨੇ ਹੀ ਢਿੱਡੋਂ ਭੁਖੇ ਪੈਰੋਂ ਵਾਹਣੇ ਲੋਕਾਂ ਵਾਲਾ,
ਕੁਝਕੁ ਰੱਜੇ-ਪੁੱਜੇ ਧਨੀਆਂ, ਲਾਲਿਆਂ, ਜੋਕਾਂ ਵਾਲਾ ।
ਮੁੜ ਮੁੜ ਕੇ ਯਾਦ ਆਉਂਦਾ ਹੈ ,
ਤੇ ਦਿਲ ਨੂੰ ਇਕ ਧੂਹ ਜਹੀ ਪਾਂਉਂਦਾ ਹੈ ।

ਮੇਰਾ ਦੇਸ਼ ਬਹੁਤ ਸਾਰੇ ਲੋਕਾਂ ਵਾਲਾ, -
ਜੋ ਰੋਜ਼ ਸਵੇਰੇ ਆਪਣੀ ਤਕਦੀਰ
ਹੱਥਾਂ ਦੀ ਤਲੀ ਤੇ ਰਖ ਕੇ ਘਰੋਂ ਨਿਕਲਦੇ ਨੇ ।

ਰੋਜ਼ ਆਪਣੇ ਸਰੀਰਾ ਦੇ ਨਾਲ ਨਾਲ,

ਜ਼ਮੀਰਾਂ ਦਾ ਵੀ ਸੌਦਾ ਕਰਦੇ ਨੇ ।

ਜ਼ਿੰਦਾਬਾਦ, ਮੁਰਦਾਬਾਦ ਦੀਆਂ ਭੀੜਾਂ ‘ਚ ਰਲਦੇ ਨੇ ।

ਤਿੱਲ ਤਿੱਲ ਆਪਣਾ ਆਪਾ ਵੇਚ ਵੇਚ ਕੇ,

ਕੁਝ ਉਮੀਦਾਂ ਦੀ ਪੂੰਜੀ ਇਕੱਠੀ ਕਰਦੇ ਨੇ ।

ਜਿਹੜੀਆਂ ਹਮੇਸ਼ਾ ਉਹਨਾ ਤੋਂ ਕੰਨੀ ਕਤਰਾਉਂਦੀਆਂ.

ਲ਼ਾਰੇ ਲਾਉਂਦੀਆਂ, ਪਰ ਕਦੇ ਹੱਥ ਨਾ ਆਉਂਦੀਆਂ ।

ਮੇਰੇ ਦੇਸ਼ ਦੇ ਨੇਤਾ-ਅਭਿਨੇਤਾ, ਇਸ ਲੋਕ ਮੰਡੀ ਵਿਚ,

ਖਰੀਦਦੇ ਹਨ ਲੋਕਾਂ ਦੀਆਂ ਜ਼ਮੀਰਾਂ ,

ਤੇ ਬਦਲੇ ਵਿਚ ਦੇਂਦੇ ਹਨ, ਤਕਰੀਰਾਂ

ਅਤੇ ਪਰਦੇ ਤੇ ਨਚਦੀਆਂ ਛਲਦੀਆਂ ਤਸਵੀਰਾਂ।

ਨੇਤਾ ਅਭਿਨੇਤਾ, ਸਟੇਜਾਂ ਤੇ ਟੀ0ਵੀ0 ਤੇ ਮੁਸਕਰਾਂਉਂਦੇ,

ਵਹਿਦਿਆਂ ਦੇ ਲਾਰਿਆਂ ਨਾਲ ਭੁੱਖੀ ਜੰਤਾ ਨੂੰ ਰਚਾਉਂਦੇ,

ਸੁਪਨਿਆਂ ਦੀਆਂ ਤਿਤਲੀਆਂ, ਉਡਾਉਂਦੇ,

ਲੋਕਾਂ ਨੂੰ ਭਰਮਾਂਉਦੇ

ਆਪਣਾ ਸਾਰਾ ਝੂਠ, ਸੱਚ ਕਰ ਪ੍ਰਗਟਾਉਂਦੇ ।

ਜਿਥੋਂ ਦੀਆਂ ਅਖ਼ਬਾਰਾਂ ਦੀਆਂ ਸੁਰਖੀਆਂ,

ਰੇਡੀਓ ਤੇ ਟੀਵੀਆਂ ਦੇ ਸਮਾਚਾਰ,

ਕਿਤਨਿਆਂ ਕਤਲਾਂ, ਡਾਕਿਆਂ,

ਦੰਗਿਆਂ ਤੇ ਰੇਪਾਂ ਦੀ ਝਾਤ ਪੁਆਉਂਦੇ,

ਲੋਕਾਂ ਦਾ ਮੂੰਹ ਚਿੜ੍ਹਾਉਂਦੇ, ਰਤਾ ਨਾ ਸ਼ਰਮਾਂਉਂਦੇ ।

ਇਹ ਦੇਸ਼ ਜੋ ਬੜਾ ਖੁਸ਼ਹਾਲ ਲਗਦਾ ਹੈ ,
ਹਰ ਪਾਸੇ ਤਕਨੀਕ ਤੇ ਵਿਗਿਆਨ ਦਾ ਕਮਾਲ ਲਗਦਾ ਹੈ ।
ਨਿਯਮ ਤੇ ਕਾਨੂੰਨ ਦਾ ਦਬਦਬਾ ਲਗਦਾ ਹੈ ,
ਇਸਤੋਂ ਨਾ ਕੋਈ ਵੀ ਰਿਹਾ ਲਗਦਾ ਹੈ ।
ਇਥੇ ਕੋਈ ਨੰਗਾ ਭੁੱਖਾ ਨਹੀ ਦਿਸਦਾ ।
ਘਰ ਸੋਹਣੇ ਸੜਕਾਂ ਸਾਫ਼ ਸੁਥਰੀਆਂ,
ਗੱਡੀਆਂ ਮੋਟਰਾਂ ਘੂੰ ਘੂੰ ਦੌੜਦੀਆਂ ਤੇਜ਼ ਚਾਲ ,
ਨਵੀਂ ਤਕਨੀਕ ਤੇ ਉਨਤੀ ਦਾ ਕਮਾਲ ।
ਹਰ ਪਾਸੇ ਖੁਸ਼ਹਾਲੀ ਨੇ ਡੇਰਾ ਲਾਇਆ ਹੈ ,
ਪਰ ਮੇਰੇ ਲਈ ਤਾਂ ਇਹ ਸਭ ਕੁਝ ਪਰਾਇਆ ਹੈ ।

ਭਾਂਵੇਂ ਕਿਹੋ ਜਿਹਾ ਹੈ, ਮੇਰਾ ਦੇਸ਼, ਮੇਰਾ ਸ਼ਹਿਰ, ਮੇਰਾ ਘਰ ,
ਭਾਂਵੇਂ ਕਿਹੋ ਜਹੀ ਰਾਜਨੀਤੀ ਤੇ ਲੋਕ ਨੀਤੀ ਹੈ ।
ਪਰ ਉਸ ਮਿੱਟੀ ਨਾਲ ਮੇਰੀ ਸਦੀਵੀ ਸਾਂਝ, ਪ੍ਰੀਤੀ ਹੈ ।
ਦਿਲ ਚਾਹੁੰਦਾ ਹੈ ਉਸੇ ਹਵਾ ਵਿਚ ਸਾਹ ਲੈਣਾ ,
ਉਸੇ ਧੁੱਪ-ਛਾਂ, ਗਰਮੀ-ਸਰਦੀ ਦਾ ਆਸਰਾ ਲੈਣਾ ।
ਭਾਂਵੇਂ ਕਿਤਨਾ ਦੁੱਖ ਪਰੇਸ਼ਾਨੀ ਤੇ ਅਵਾਜ਼ਾਰੀ ਹੈ ,
ਪਰ ਕੀ ਕਰਾਂ ! ਉਹ ਧਰਤੀ ਲਗਦੀ ਬੜੀ ਪਿਆਰੀ ਹੈ ।
ਜਿੱਥੇ ਬਚਪਨ ਜਵਾਨੀ ਦੀਆਂ ਯਾਦਾਂ ਦੀ ਦੱਬੀ ਪਈ ਪੂੰਜੀ ਸਾਰੀ ਹੈ ।
ਸਰੀਰ ਦਾ ਰੋਮ ਰੋਮ ਉਸ ਮਿੱਟੀ ਤੋਂ ਬਲਿਹਾਰੀ ਹੈ ।
ਦਿਲ ਚਾਹੁੰਦਾ ਮੁੜ ਮੁੜ ਉਸੇ ਮਿੱਟੀ ਵਿਚ ਖੇਡਣਾ ,
ਹਸਣਾ ਤੇ ਰੋਣਾ, ਜਾਗਣਾ ਤੇ ਸੌਣਾ , ਤੇ ਅੰਤ ਉਸੇ ਵਿਚ ਵਿਲੀਨ ਹੋਣਾ ।

# ਬੋਹੜ ਦੀ ਛਾਂ

( ਆਪਣੀ ਸਵਰਗਵਾਸੀ ਬੇਬੇ ਦੀ ਯਾਦ ਵਿਚ)

ਬੇਰੁਖੀ  ਦੀ ਹੁੰਮਸ ਜਦੋਂ ਸਤਾਂਉਂਦੀ ਹੈ,
ਉਸ ਬੋਹੜ ਦੀ ਸੰਞਣੀ ਛਾਂ ਯਾਦ ਆਂਉਦੀ ਹੈ ।
ਜਨਮ-ਘੜੀ ਤੋਂ ਸੀ ਮਾਣਿਆ ਜਿਸਦਾ ਸਾਇਆ,
ਲਗਦਾ ਸੀ ਆਪਣਾ ਸਭ, ਸੀ ਨਾ ਕੋਈ ਪਰਾਇਆ ।
ਗੋਦੀ ਦੇ ਨਿੱਘੇ ਆਲ੍ਹਣੇ ਸੁਰਗਾਂ ਨੂੰ ਮਾਤ ਪਾਇਆ,

ਸਾਰੇ ਮਾਸੂਮ ਸੁੱਖਾਂ ਖ਼ੁਸ਼ੀਆਂ ਨੂੰ ਘਰ ਬਣਾਇਆ ।

ਅਣਗਿਣਤ ਪਤਝੜਾਂ ਤੋਂ ਜਿਸਨੇ ਸੀ ਬਚਾਇਆ;

ਸੱਜਰੇ ਫੁੱਲਾਂ ਫਲਾਂ ਦਾ, ਖ਼ੁਸ਼ਬੋ ਤੇ ਰਸ ਪਿਲਾਇਆ ।

ਜਿਸਦੀਆਂ ਟਾਹਣੀਆਂ ਪਤੀਆਂ ਫੁਲਾਂ ਦੇ ਨਾਲ,
ਕਰਦੇ ਰਹੇ ਅਠਖੇਲੀਆਂ ਅਸੀਂ ਨਿਆਣੇ ਬਾਲ ।
ਮਾਸੂਮ ਹਾਸੇ ਰੋਸੇ, ਅਣਭੋਲ ਝਗੜੇ ਝੇੜੇ,
ਘੜੀਆਂ ਚੋਂ ਉਠਦੇ ਜੋ ਪੱਲਾਂ,ਚ ਗਏ ਨਿਬੇੜੇ ।
ਮੌਸਮ ਹੰਡਾਏ ਕਿਤਨੇ, ਉਮਰਾਂ ਦਾ ਥਲ ਹੈ ਗਾਹਿਆ,

ਮੁੜਕੇ ਨਾ ਕੋਈ ਐਸਾ ਮੌਸਮ ਬਹਾਰ ਆਇਆ ।

ਜੀਵਨ ਦਾ ਸੂਰਜ ਢੱਲਿਆ, ਉਮਰਾਂ  ਦੀ ਸ਼ਾਮ ਆਈ,
ਸਰਘੀ ਦੀ ਪਰ ਉਹ ਲਾਲੀ ਜਾਂਦੀ ਨਹੀਂ  ਭੁਲਾਈ ।
ਮਨ ਦੀ ਪਰੇਸ਼ਾਨੀ  ਜਦੋਂ ਵੀ ਵਧ ਜਾਂਦੀ ਹੈ
ਤਾਂ ਉਸ ਬੋਹੜ ਦੀ ਸੰਞਣੀ ਛਾਂ ਯਾਦ ਆਉਂਦੀ ਹੈ ।

# ਚਾਨਣ ਦੀ ਲੀਕ

( ਆਪਣੇ ਇਕ ਅਧਿਆਪਕ ਦੀ ਸ਼ਖ਼ਸੀਅਤ ਨੂੰ ਸਮਰਪਿੱਤ)

ਸਿਖਰ ਦੁਪਹਿਰੇ ਵੀ ਚਮਕੀ ਹੈ , ਚਾਨਣ ਦੀ ਇਕ ਲੀਕ ॥
ਖ਼ਾਲਸ ਮਹਿਕ ਤੇ ਨਿਰਾ ਨੂਰ ਜਹੀ, ਵਾਲੋਂ ਨਿਕੀ ਬਰੀਕ ।

ਅਕਲਾਂ ਗਗਨੀ ਇਲਮ ਦੇ ਸੂਰਜ,ਹਉਮੈ ਦੇ ਭੱਠ ਤੱਪੇ,
ਅਹੁਦੇ, ਪੋਜ਼ੀਸ਼ਿਨ ਮਿਆਰਾਂ ਦੇ,ਘਰ ਘਰ ਪੈ ਗਏ ਖੱਪੇ ।
ਪਰ ਇਸ ਚਾਨਣ ਜਾਈ ਦਾ, ਨਾ ਦਿਸਦਾ ਕੋਈ ਸ਼ਰੀਕ ।

ਝੋਲ ਇਹਦੀ ਗਗਨਾਂ ਜਹੀ ਖੁੱਲ੍ਹੀ ,ਸਭ ਜੁਝ ਲਵੇ ਸਮਾ ।
ਗਿਲੇ ਗੁਜ਼ਾਰੇ ਸ਼ਿਕਵੇ ਰੋਸੇ, ਹਰ ਸ਼ੈ ਲਵੇ ਹੱਢਾ ।
ਦੱਖਾਂ ਦੀ ਵ੍ਹਾ ਨੀਵੀਂ ਵਗਦੀ, ਪੁਜੇ ਨਾ ਇਸਦੇ ਤੀਕ ।

ਮਧੁਰ ਮਹਿਕਦੀ ਖ਼ੁਸ਼ਬੋ ਵੰਡੇ,ਬੋਲੇ ਜਾਂ ਕੋਈ ਬੋਲ ।
ਮੁਸਕਣੀਆ ਦੇ ਰਤਨ ਲੁਟਾਵੇ,ਭਰ ਦਏ ਸਭਦੀ ਝੋਲ ।
ਖ਼ੁਸ਼ੀਆ ਦ੍ਰੇ ਭਰ ਜਾਮ ਪਿਲਾਵੇ, ਖ਼ੁਦ ਜਾਵੇ ਗੰਮ ਡੀਕ ।

ਇਸ ਚਾਨਣ ਅਰਸ਼ਾ ਦੇ ਵਾਸੀ, ਧਰਤੀ ਲਾਏ ਭਾਗ,
ਕਾਸ਼ ਕਦੇ ਇਸਦੀ ਛੋਹ ਪਾਕੇ, ਪਵੇ ਮਨੁੱਖਤਾ ਜਾਗ ।
ਮਾਨਵ ਮਾਨਵ ਦੇ ਲਈ ਹੋਵੇ, ਪਿਆਰਾਂ ਦਾ ਪ੍ਰਤੀਕ ।

ਸਿਖਰ ਦੁਪਹਿਰੇ ਵੀ ਚਮਕੀ ਹੈ , ਚਾਨਣ ਦੀ ਇਕ ਲੀਕ ॥
ਖ਼ਾਲਸ ਮਹਿਕ ਤੇ ਨਿਰਾ ਨੂਰ ਜਹੀ, ਵਾਲੋਂ ਨਿਕੀ ਬਰੀਕ ।

# ਆਵਾਜ਼ਾਂ ਦੀ ਗੂੰਜ

## ( ਕੁਝ ਸਨੇਹੀ ਸੱਜਣਾ ਦੇ ਨਾਅ )

ਇਕ ਆਵਾਜ਼ ਸੂਰਜ ਦੀ ਪਹਿਲੀ ਕਿਰਨ ਵਰਗੀ ,
ਤਾਜ਼ੀ ਤੇ ਰੌਸ਼ਨ, ਦਿਲ ਦੇ ਹਨ੍ਹੇਰਿਆਂ ਵਿਚ ਅਕਸਰ ਗੂੰਜਦੀ ਹੈ ।
ਨਾ ਉਮੀਦੀ ਤੇ ਨਿਰਾਸ਼ਾਂ ਦੇ ਅੱਥਰੂ ਪੂੰਝਦੀ ਹੈ ।

ਇਕ ਆਵਜ਼
ਪੌਣਾ ਦੇ ਤਾਜ਼ੇ ਬੁਲ੍ਹੇ ਵਰਗੀ,
ਥੱਕਿਆਂ ਟੁਟਿਆਂ ਹਾਰਿਆ ਮਨ, ਤਰੋ ਤਾਜ਼ਾ ਕਰ ਜਾਂਦੀ ਹੈ ।
ਸੁਸਤੀ ਤੇ ਆਲਸ ਦੀ ਧੂੜ ਲਾਹੁੰਦੀ  ਹੈ ।

ਇਕ ਆਵਾਜ਼,
ਸਮੁੰਦਰ ਦੀ ਅਲਬੇਲੀ ਲਹਿਰ ਵਰਗੀ।
ਮਨ ਦੇ ਕੰਢਿਆਂ ਨਾਲ ਟਕਰਾਉਂਦੀ ਹੈ ।
ਵੈਰ ਵਿਰੋਧ ਈਰਖਾ ਸਾੜਾ, ਨਾ ਉਮੀਦੀ, ਨਿੰਮੋਝੂਣਤਾ ਦਾ ਕੂੜਾ,
ਹੂੰਝ ਕੇ ਲੈ ਜਾਂਦੀ ਹੈ ।

ਇਕ ਆਵਾਜ਼ ਮਾਤਾ ਪਿਤਾ ਦੀ ਆਸੀਸ ਵਰਗੀ
ਮਾਪਿਆਂ ਜਾਏ ਭਰਾਵਾਂ ਵਰਗੀ,
ਹਰੇਕ ਵਿਰੋਧ ਨੂੰ ਵੰਗਾਰਦੀ ਹੈ,ਬਾਹਾਂ ਬਣ ਲਲਕਾਰਦੀ ਹੈ ।
ਮੋਢੇ ਨਾਲ ਮੋਢਾ ਜੋੜ ਖਲੋਂਦੀ ਹੈ ।
ਪਰ ਪਤਾ ਨਹੀਂ ਕਿਉਂ, ਇਹ ਆਵਾਜ਼ਾਂ ਸੁਣਕੇ ,
ਅੱਖਾ ਵਿਚ ਅਥਰੂਆਂ ਦਾ ਹੱੜ ਆ ਜਾਂਦਾ ਹੈ ।

# ਇਕ ਕੂੰਜ

(ਗੁਰੂ ਪ੍ਰੇਮ ਵਿਚ ਰੰਗੀ ਇਕ ਭੈਣ ਦੀ ਯਾਦ ਵਿਚ)

ਇਕ ਕੂੰਜ ਜੋ ਅਰਸ਼ੋਂ ਉਤਰੀ ਸੀ ਸਾਡੇ ਵਿਹੜੇ ਵਿਚ ਆ ਬੈਠੀ ।
ਇਸਤਰ੍ਹਾਂ ਉਹ ਸਾਡੇ ਹਿਰਦੇ ਨੂੰ ਅਪਣਾ ਹੀ ਘਰ ਬਣਾ ਬੈਠੀ ।
ਸਾਡੇ ਨਾਲ ਖੇਡਣ ਲਗੀ , ਆਲੇ ਦੁਆਲੇ ਵਿਚਰਨ ਲਗੀ ।
ਕਦੀ ਇਸ ਪਾਸੇ ਕਦੀ ਉਸ ਪਾਸੇ, ਵਾਂਗ ਪੰਛੀਆਂ ਚਹਿਕਣ ਲਗੀ ।
ਕਦੇ ਕੋਲ ਬੈਠ ਗੱਲ ਕਰਦੀ , ਕਦੇ ਦੂਰ ਦੂਰ ਉਡ ਜਾਵੇ ।
ਪਲ ਛਿੰਨ ਵਿਚ ਹੀ ਰੁੱਸ ਜਾਵੇ ਤੇ ,ਪਲ ਛਿੰਨ ਵਿਚ ਮੰਨ ਵੀ ਜਾਵੇ ।
ਨਿਤ ਚੋਜ ਓਸਦੇ ਵੇਖ ਵੇਖ, ਸਾਰਾ ਘਰ ਸੀ ਖਿੜਿਆ ਖਿੜਿਆ ।
ਕਿੰਵ ਬੀਤ ਗਿਆ ਉਹ ਵੇਲਾ, ਜਿਵੇਂ ਖੰਭ ਹਵਾ ਦੇ ਲਾ ਉਡਿਆ ।
ਪਿਆਰ ਸੀ ਉਹਦਾ ਨਿਰਮਲ ਨਿਰਛਲ,ਪ੍ਰੀਤ ਓਸਦੀ ਸੱਚੀ ਸੁੱਚੀ ਸੀ
ਭਾਵੇ 'ਚੜ੍ਹੀ ਜਵਾਨੀ ਸੀ, ਪਰ ਲਗਦੀ ਅਜੇ ਵੀ ਬੱਚੀ ਸੀ ।
ਇਕ ਹੰਸ ਨਾਲ ਮਾਰ ਉਡਾਰੀ , ਕਿਸੇ ਦੂਜੇ ਦੇਸ ਉਡ ਚਲੀ ।
ਯਾਦ ਹੈ ਉਹ ਵਿਛੜਨ ਦੀ ਘੜੀ ,ਜਦ ਨੈਣਾ ਨੇ ਲਾਈ ਸੀ ਝੜੀ ।
ਪਰ ਦੂਰੋਂ ਪਾਰੋਂ ਵੀ ਉਸਦੇ ਨਿਤ ਸੁਖ ਸੁਨੇਹੇ ਆਉਂਦੇ ਰਹੇ ।
ਯਾਦਾਂ ਨੂੰ ਮੋੜ ਮੋੜ ਕੇ ਫ਼ਿਰ, ਉਹਦੇ ਬਚਪਨ ਵਲ ਲੈ ਜਾਂਦੇ ਰਹੇ ।
ਜਦ ਕਦੇ ਵੀ ਰਬ ਸਬਬੀ , ਮਿਲਣ ਦਾ ਅਵਸਰ ਬਣਿਆ,
ਉਸ ਬਾਲੜੀ ਦੀ ਝਲਕ ਪਈ ,ਜਿਸਦੇ ਸੰਗ ਮਨ ਹੋਇਆ ਹਰਿਆ ।

ਇਕ ਨਵਾ ਸੰਸਾਰ ਵਸਾਇਆ ਉਸ, ਸ਼ਿੰਗਾਰ ਕੇ ਰੀਝਾਂ ਬੜੀਆਂ।
ਕੁਝ ਸੁਪਨੇ ਨਵੇਂ ਸਜਾਏ ਸੋਚਕੇ , ਆਉਣ ਵਾਲੀਆਂ ਸ਼ੁਭ ਘੜੀਆਂ ।
ਉਸ ਲਿਵ ਲਾ ਰੱਖੀ ਸੱਚੇ ਦੀ, ਖੀਵੀ ਹੁੰਦੀ ਜੱਸ ਗਾ ਗਾ ਕੇ ।
ਸਿਰਜੀ ਸੰਗਤ ਗੁਰੂ ਸਖੀਆਂ ਦੀ, ਗੁਰੂ ਸੱਚੇ ਨਾਲ ਨੇਹੁ ਲਾਕੇ ।

ਆਖਰੀ ਮੇਲ ਵੀ ਯਾਦ ਬੜਾ, ਜਦ ਕੁਝ ਪਲ ਮਿਲ ਬੈਠਣ ਮਿਲਿਆ ।
ਉਹੀ ਚਾਉ ਉਤਸ਼ਾਹ ਤੇ ਪਿਆਰ, ਦੇਖਕੇ ਮਨ ਦਾ ਕਮਲ ਖਿੜਿਆ
ਫੁਲਾਂ ਜਹੀਆਂ ਉਸਦੀਆਂ ਗੱਲਾਂ, ਆਸਾਂ ਤੇ ਰੀਝਾਂ ਨਾਲ ਖਿੜੀਆਂ ।
ਦਿਲ ਦੇ ਵਿਹੜੇ ਹੁਣ ਵੀ ਗੂੰਜਣ,ਜਿਵੇਂ ਚੀਂ ਚੀਂ ਲਾਈ ਹੋਵੇ ਚਿੜੀਆਂ
ਫਿਰ ਇਕ ਸੁਬਾਹ-ਸਵੇਰੇ ਹੀ ,ਇਸ ਖ਼ਬਰ ਦੇ ਤੀਰ ਸੀਨਾ ਵਿੰਨਿਆ ।
ਉਹ ਕੂੰਜ ਉਡਾਰੀ ਮਾਰ ਗਈ, ਬਿਨ ਦੱਸਿਆਂ ਹੀ, ਇਹ ਕੀ ਸੁਣਿਆ ?
ਉਡ ਗਈ ਜਿੱਥੋਂ ਸੀ ਆਈ , ਜਿਸਦਾ ਜੱਸ ਨਿਤ ਗਾਉਂਦੀ ਸੀ,
ਉਸਨੇ ਹੀ ਉਹ ਬੁਲਾ ਲਈ ਸੀ, ਜਿਸਨੂੰ ਉਹ ਰੋਜ਼ ਧਿਆਉਂਦੀ ਸੀ ।
ਅਸੀਂ ਹੱਕੇ ਬੱਕੇ ਹੋਏ ਹੋਏ, ਇਕ ਦੂਜੇ ਦੇ ਵਲ ਤਕਦੇ ਸੀ ।
ਇਹ ਕੀ ਹੋਇਆ, ਕੀਕੂੰ ਹੋਇਆ, ਪਰ ਕੁਝ ਬੋਲ ਨਾ ਸਕਦੇ ਸੀ ।
ਉਹ ਪੈ ਗਈ ਅਗਮ ਦੇ ਰਾਹਾਂ ਤੇ, ਜਿੱਥੇ ਗਿਆ ਕੋਈ ਨਾਹ ਮੁੜਿਆ
ਨਾ ਕੋਈ ਸੁਨੇਹਾ ਘੱਲ ਸਕੀਏ, ਨਾ ਕੋਈ ਸੁਨੇਹਾ ਮੁੜਕੇ ਮਿਲਿਆ ।
ਹੁਣ ਸਾਡੇ ਪਾਸ ਰਹਿ ਗਈਆਂ, ਉਹ ਮਿਠੀਆਂ ਯਾਦਾਂ ਦੀਆਂ ਲੜੀਆਂ ।
ਜਿਨ੍ਹਾ ਨੂੰ ਪਲ ਪਲ ਰੋਜ਼ ਰੋਜ਼, ਅਸੀਂ ਪਰਤ ਪਰਤ ਕਰੀਏ ਖੜੀਆਂ ।

# ਕੋਇਲ ਦਾ ਆਲ੍ਹਣਾ

(ਗੁਰਮਤਿ ਸੰਗੀਤ ਵਿਚ ਰੱਤੀ ਇਕ ਸਨੇਹੀ ਭੈਣ ਦੀ ਮਿੱਠੀ ਯਾਦ ਵਿਚ)

ਮਾਰ ਮਾਰ ਉਡਾਰੀਆਂ ਕੋਇਲ ਸੀ ਗਾਂਦੀ,
ਉਸਦੀ ਮਿੱਠੀ ਸੁਰ ਸਦਾ ਸਭਨਾ ਨੂੰ ਭਾਂਦੀ ।
ਪ੍ਰੇਮ ਪਿਆਰ ਵਿਚ ਲੀਨ ਹੋ ਕਰਦੀ ਆਲਾਪ ।
ਮੰਤ੍ਰ ਮੁਘਦ ਹੁੰਦੇ ਸ੍ਰੋਤੇ ਭੁੱਲ ਜਾਂਦੇ ਆਪ ।
ਧੁਰੋਂ ਮਿਠਾਸ "ਚ ਰਸ ਰੱਤੇ ਸੀ ਉਸਦੇ ਬੋਲ ।
ਰਸ ਮਿਠਾਸ 'ਚ ਘੁਲ ਜਾਦਾਂ ਸਾਰਾ ਮਹੌਲ
ਰੱਬੀ ਗੀਤ ਗਾ ਗਾ ਕੇ ਉਹ ਕਦੇ ਨਾ ਰੱਜਦੀ ,
ਗੁਰਬਾਣੀ ਵੀ ਉਸਦੀ ਜ਼ਬਾਨ ਤੋਂ ਖ਼ੂਬ ਸੀ ਸੱਜਦੀ ।
ਫ਼ਿਰੀ ਦੇਸ ਵਿਦੇਸ ਉਹ ਉਸਦਾ ਜੱਸ ਗਾਂਦੀ ।
ਕੋਈ ਬਿਰਛ ਨਾ ਮਿਲਿਆ ਜਿੱਥੇ ਆਲ੍ਹਣਾ ਪਾਂਉਂਦੀ ।
ਜੋ ਵੀ ਮਿਲਿਆ ਆਪਣੀ ਉਸ ਪੂਰੀ ਆਸਾ ।
ਦਿਲ ਦੀ ਸਾਂਝ ਨਾ ਬਣੀ ਕਿਤੇ ਮਨ ਰਿਹਾ ਪਿਆਸਾ।
ਗੁਰਮਤਿ ਸੰਗੀਤ ਸਿਖਾਲਣ ਦੀ ਜ਼ਿੰਮੇਦਾਰੀ ਚਾਈ ।
ਸੰਗਤ ਕੁਝ ਪ੍ਰੇਰ ਕੀ ਸੀ ਨਾਲ ਰਲਾਈ ।
ਜਾਗ ਪਈਆਂ ਰਬੀ ਸੰਗੀਤ ਸਿੱਖਣ ਦੀਆਂ ਆਸਾਂ ।
ਗੁਰਮਤਿ ਸੰਗੀਤ ਦੀਆਂ ਚਲ ਪਈਆਂ ਕਲਾਸਾਂ ।
ਉਸਨੂੰ ਲਗਿਆ ਜੀਵਨ ਦੀ ਸਫ਼ਲ ਹੋਈ ਘਾਲਣਾ ।
ਕੀਰਤਨ ਵਿਚ ਰੰਗੇ ਮਨ ਦਾ ਬਣ ਗਿਆ ਆਲ੍ਹਣਾ ।
ਮਾਰ ਉਡਾਰੀ ਗਈ ਉਹ ਕੱਟ ਸਰੀਰ ਦਾ ਫਾਸਾ ।
ਕਰ ਲਿਆ ਸੰਗੀਤ ਦੇ ਆਲ੍ਹਣੇ ਉਸ ਪੱਕਾ ਵਾਸਾ।

# ਬਿਰਹੋਂ ਹੰਡਾਵਣ ਆਏ

ਬਿਰਹੌਂ ਹੰਡਾਵਣ ਆਏ ਅਸੀਂ ਤਾਂ,ਬਿਰਹੋਂ ਹੰਡਾਂਵਣ ਆਏ ।
ਆਪਣੇ ਅਸਲੇ ਤੋਂ ਭਟਕੇ ਨਿਖੜੇ, ਪਤਾ ਨਹੀ ਕਦੋਂ ਦੇ ਵਿਛੜੇ ।
ਕੋਟ ਜਨਮ ਦੇ ਪੈਂਡੇ ਕਰਦੇ, ਮੁੜ ਮੁੜ ਜੰਮਦੇ, ਮੁੜ ਮੁੜ ਮਰਦੇ ।
ਥੱਕੇ ਟੁੱਟੇ ਹਾਰੇ ਹੁੱਟੇ, ਮੰਜ਼ਲ ਨੇ ਤਰਸਾਏ ----------
ਰਾਹ ਪੈਂਡੇ ਦੇ ਕਈ ਹਮਰਾਹੀ, ਕਰਦੇ ਰਹੇ ਸਾਡੀ ਅਗਵਾਹੀ ।
ਆਪਣੇ ਸਮਝ ਉਨ੍ਹਾਂ ਨੂੰ ਚਾਹਿਆ, ਸਾਂਝਾਂ ਦਾ ਸੰਸਾਰ ਵਸਾਇਆ ।
ਦੁਖ ਸੁਖ ਨਾਲੋ ਨਾਲ ਹੰਡਾਏ, ਸਮਝ ਆਪਣੇ ਨੇ ਹਮਸਾਏ ।
ਹੈਪਰ ਸਾਥ ਪਲਾਂ ਵਿਚ ਛਡਕੇ ਉਹ ਹੋ ਗਏ ਪਰਾਏ -----
ਸਾਂਝ  ਜਿਨ੍ਹਾਂ ਸੰਗ ਪੱਕੀ ਜਾਣੀ, ਸਮਝੇ ਜੋ ਸਨ ਦਿਲ ਦੇ ਹਾਣੀ ।
ਭੇਤ ਦਿਲਾਂ ਦੇ ਸਾਂਝੇ ਹੋਏ  , ਅਰਮਾਨਾਂ ਦੇ ਹਾਰ ਪਰੋਏ ।
ਲਗਦੇ ਸੀ ਉਹ ਕਿਤਨੇ ਅਪਣੇ, ਸਾਂਝੇ ਸਨ ਸਭ ਰੀਝਾਂ ਸੁਪਨੇ।
ਪਰ ਬਿਨ ਦਸਿਆਂ ਉਹ ਪਿਆਰੇ ਪੈ ਗਏ ਅਗਮ ਦੇ ਰਾਹੇ -----
ਇਕਲਾਪਾ ਮਾਰੂਥਲ ਗਾਂਹਦੀ, ਕਦਮ ਕਦਮ ਤੇ ਪੀੜ  ਹੰਢਾਦੀ
ਜਿੰਦ ਨਿਮਾਣੀ ਤਰਲੇ ਕਰਦੀ ਕੋਈ ਨਾ ਮਿਲਦਾ ਦਿਲ ਦਾ ਦਰਦੀ
ਹਰ ਪਾਸੇ ਗ਼ਰਜ਼ਾਂ ਦੇ ਰਿਸ਼ਤੇ, ਜਾਂ ਫ਼ਿਰ ਕੰਮ ਕਾਰਾਂ ਫ਼ਰਜ਼ਾਂ ਦੇ
ਬਿਹਬਲ ਮਨ ਦਾ ਸੱਖਣਾ ਕਾਸਾ,ਕਿਧਰੋਂ ਖ਼ੈਰ ਨਾ ਪਾਏ ।
ਮਨ ਤੇਰਾ ਮਿੱਤਰ ਨਾਹ ਕੋਈ , ਏਥੇ ਹੈ ਅਪਣਾ ਨਾ ਕੋਈ ।
ਕਰੀਏ ਕਿਸਦਾ ਸੰਗ ਪਿਆਰੇ, ਬੇਗਾਨੇ ਸਾਰੇ ਦੇ ਸਾਰੇ ।
ਸਾਂਝਾਂ ਦਾ ਕਰੀਏ ਕੀ ਰੋਸਾ, ਏਥੇ ਪਲ ਦਾ ਨਹੀਂ ਭਰੋਸਾ।
ਆਪਣੇ ਅੰਦਰੋਂ ਹੀ ਲੱਭ ਮਹਿਰਮ, ਜੋ ਧੁਰ ਸਾਥ ਨਿਭਾਏ ।

# ਕੀ ਹੈ ਜਵਿਨ ?

ਆਪਣੇ ਦਿਸਦੇ ਸੰਸਾਰ ਤੋਂ ਬਾਹਰ ਆਕੇ,
ਆਪਣੀ ਪਹਿਚਾਣ ਦੇ ਦਾਇਰੇ ਚੋਂ ਨਿਕਲਕੇ ।
ਆਪਣੇ ਪਿਆਰਿਆਂ ਦੇ ਸਨੇਹ ਸੰਸਾਰ ਤੋਂ ਟੁੱਟਕੇ,
ਇਸ ਨਵੇਂ ਪਰਾਏ ਤੇ ਅਜਨਬੀ ਸੰਸਾਰ ਵਿਚ ਪਹੁੰਚਕੇ,
ਸੰਸਾਰਕ ਸੰਬੰਧਾਂ ਦੀ ਅਸਲੀਅਤ ਬਾਰੇ,
ਵਿਚਾਰਾਂ ਦੇ ਵਾ-ਵਰੋਲੇ ਮਨ ਦੇ ਆਕਾਸ਼ ਵਿਚ ਉਠਦੇ ਹਨ ।
ਕੀ ਹੈ ਇਹ ਸੰਸਾਰ, ਕੀ ਹੈ ਪਿਆਰ,
ਕੀ ਹਨ ਮਿੱਤਰ ਪਿਆਰੇ ਸੰਬੰਧੀ ਤੇ ਪਰਵਾਰ ।
ਜਿਨ੍ਹਾਂ ਨਾਲ ਚਿਰਾਂ ਦੀ ਸਾਂਝ ਬਣੀ ਰਹੀ ,
ਉਹਨਾਂ ਪਾਸੋਂ ਵਿਛਣ ਤੇ ਛਿੰਨ ਪਲ ਵੀ ਨਾ ਲੱਗਾ ।
ਜਿਹੜੇ ਰੋਜ਼ਾਨਾ ਜੀਵਨ ਦਾ ਅੰਗ ਬਣੇ ਰਹੇ ,
ਉਹ ਪਲਾਂ ਵਿਚ ਯਾਦਾਂ ਦੇ ਸਾਏ ਬਣ ਗਏ ।
ਅਤੇ ਉਹਨਾਂ ਵਿਚੋਂ ਕਈ ਕੁਝ ਸਮੇ ਵਿਚ ਹੀ,
ਅਗਮ ਦੇ ਅਦ੍ਰਿਸ਼ ਰਸਤੇ ਪੈ ਗਏ ।
ਕੀ ਹੈ ਇਹ ਜੀਵਨ, ਕੀ ਹੈ ਸੰਸਾਰ,
ਕੀ ਹੈ ਪਿਆਰ ਸੰਬੰਧੀ ਰਿਸ਼ਤੇਦਾਰ ਤੇ ਪ੍ਰਵਾਰ ।
ਮਨ-ਅੰਤਰ ਦੇ ਵਿਚਾਰ ,
ਇਹ ਸੰਸਾ ਹਰ ਸਮੇ ਮਨ ਵਿਚ ਖੌਰੂ ਪਾਵੇ ।
ਪਤਾ ਨਹੀਂ ਕੌਣ ਕਦੋਂ ਬੀਤੇ ਦੀ ਯਾਦ ਬਣ ਜਾਵੇ,
ਤੇ ਮੁੜ ਕਦੇ ਹੱਥ ਨਾ ਆਵੇ ।
ਕੀ ਹੈ ਇਹ ਜੀਵਨ, ਕੀ ਹੈ ਸੰਸਾਰ
ਕੀ ਹੈ ਪਿਆਰ, ਕੀ ਹੈ ਪ੍ਰਵਾਰ ਕੁੱਝ ਅੰਤ ਨਾ ਪਾਰਾਵਾਰ ।

# ਮੰਜ਼ਲ

ਸੋਚਿਆ ਸੀ ਮੰਜ਼ਲ ਆਈ ਕਿ ਆਈ, ਕੀ ਪਤਾ ਸੀ ਦੂਰੀ ਹੋ ਜਾਣੀ ਹੈ ਸਵਾਈ

ਕੁਦਰਤੀ ਤੇ ਸ਼ਾਤ ਇਕ ਬਸੇਰੇ ਦਾ ਤਸਵਰ,

ਮਨ ਵਿਚ ਵਸਿਆ ਰਿਹਾ ਹੈ, ਹੁਣ ਤਕ ਹਰ ਪਲ ।

ਮਰਜ਼ੀ ਦੇ ਆਪਣੇ ਦਿਨ ਤੇ ਰਾਤ ਹੋਵਣ,ਘੰਟੇ ਛਿਨੇ. ਪਲ,ਅਪਣੀ ਹੀ ਬਾਤ ਹੋਵਣ

ਸੂਰਜ ਦੀਆ ਕਿਰਨਾ ਨਾਲ ਸਿਧਾ ਮਿਲਾਪ ਹੋਵੇ,

ਚੰਨ ਦੀ ਚਾਨਣੀ ਵੀ ਬੇਨਿਕਾਬ ਹੋਵੇ

ਜਿਥੇ ਦੀ ਗਰਮੀ ਸਰਦੀ ਹੋਵੇ ਹੁਨਾਲ ਅਪਣੀ,

ਬਰਸਾਤ ਹੋਵੇ ਅਪਣੀ ਹੋਵੇ ਸਿਆਲ ਅਪਣੀ ।

ਸਿਧੀ ਸਰਲ ਤੇ ਸਾਦੀ ਜਹੀ ਰਹਿਣੀ ਬਹਿਣੀ ,

ਨਾ ਕੋਈ ਉਚੇਚ ਹੋਵੇ,ਸਿਧੀ ਹੀ ਕਥਨੀ ਕਹਿਣੀ ।

ਆਪਣੇ ਹੀ ਮਨ ਦੇ ਵਰਗੇ,ਕੁਝ ਹੋਣ ਸਾਥੀ ਸੰਗੀ,

ਸਿਧੀ ਹੀ ਸਾਂਝ ਹੋਵੇ, ਬੇਬਾਕ ਚੰਗੀ ਮੰਦੀ ।

ਇੰਜ ਸਹਿਜ ਨਾਲ ਜੀਵਨ,ਮਿਲਕੇ ਹੋ ਜਾਏ ਪੂਰਾ,

ਕੋਈ ਵੀ ਸ਼ੁਭ ਮਨੋਰਥ ਨਹ ਰਹਿ ਜਾਏ ਅਧੂਰਾ ।

ਸਾਦਾ ਜਿਹਾ ਬਸੇਰਾ, ਸੁਥਰਾ ਜਿਹਾ ਚੁਫ਼ੇਰਾ,

ਸੂਥਰਾ ਜਿਹਾ ਸਵੇਰਾ, ਸੁਥਰਾ ਜਿਹਾ ਹਨੇਰਾ ।

ਤੇਰੇ ਨਾਮ ਨਾਲ ਦਾਤਾ ਦੁਨੀਆ ਆਬਾਦ ਹੋਵੇ,

ਹਰ ਪਲ ਦੇ ਵਿਚ ਵਸੀ ਤੇਰੀ ਹੀ ਯਾਦ ਹੋਵੇ ।

ਇਸ ਆਸ ਵਿਚ ਦੁਨੀਆ ਸਾਰੀ ਹੀ ਗਾਹ ਮਾਰੀ ,

ਅਜੇ ਤਕ ਨਾ ਹੋਈ ਇਸ ਤਾਂਘ ਦੀ ਉਸਾਰੀ

ਸੂਰਜ ਢਲਣ ਤੇ ਆਇਆ ਜੀਵਨ ਦੀ ਸਾਂਝ ਆਈ,

ਪਰ ਅਜੇ ਤਕ ਨਾਹ ਮੰਜ਼ਿਲ ਦਿਤੀ ਕਿਤੇ ਦਿਖਾਈ ।

# ਲੂਅ

ਨਗਰ'ਚ ਕੇਹੀ ਕਹਿਰੀ ਹਵਾ ਆ ਵੜਦੀ ਹੈ ।
ਜਿਸ ਨਾਲ ਘਰ ਬਾਜ਼ਾਰ ਗਲੀ ਗਲੀ ਸੜਦੀ ਹੈ ।
ਇਹ ਲੂਅ ਕਦੇ ਪੂਰਬੀ ਕਦੇ ਪਛਮੀ ਹੁੰਦੀ ਹੈ
ਜੋ ਰਾਹਾਂ ਦੇ ਬੂਟਿਆ ਨੂੰ ਲੂੰਹਦੀ ਹੈ ।
ਜਿਨ੍ਹਾਂ ਦੇ ਪੱਤਰ ਤੇ ਫੁਲ ਫਲ ਸਭ ਸੜ ਜਾਂਦੇ ਨੇ
ਕੁਝ ਤਾਂ ਸਮੁੱਚੇ ਬਾਗ ਹੀ ਉਜਾੜ ਜਾਂਦੇ ਨੇ ।
ਕਿਹੜੇ ਸੂਰਜਾਂ ਦੀ ਇਹ ਲੂਅ ਜਾਈ ਹੈ
ਇਹ ਗਲ ਜਗ ਜਾਹਰੀ ਨਾ ਛੁਪੀ ਛੁਪਾਈ ਹੈ ।
ਉਹ ਵੀ ਇਸ ਲੂਅ ਦਾ ਹੋ ਹੱਲਾ ਕਰਦੇ ਨੇ ,
ਜੋ ਆਪ ਹੀ ਇਸ ਹਨੇਰੀ ਨੂੰ ਜਣਦੇ ਨੇ ।
ਦੋਸ਼ ਪਰ ਕਿਸੇ ਦੂਜੇ ਦੇ ਸਿਰ ਮੜ੍ਹਦੇ ਨੇ ।
ਉਜੜ ਗਏ ਬਾਗਾਂ ਨੂੰ ਰਸਮੀ ਤੇ ਰਵਾਇਤੀ
ਸ਼ਾਰਧਾਂਜਲੀਆਂ ਇਹ ਵੀ ਭੇਟ ਕਰਦੇ ਨੇ ।
ਕੁਝ ਸਾਵੇ ਪੱਤਰ ਉਨ੍ਹਾਂ ਦੀ ਚਿਤਾ ਤੇ ਧਰਦੇ ਨੇ ।
ਕੁਝ ਸ਼ੈਤਾਨ ਇਸ ਦਾਅ ਤੇ ਵੀ ਰਹਿੰਦੇ ਨੇ,
ਕਫ਼ਨਾ ਦੇ ਕਪੜਿਆ ਦਾ ਰੰਗ ਵਿੰਹਦੇ ਨੇ ।
ਚਿਤਾਵਾਂ ਦੇ ਅੰਗਾਰੇ ਫ਼ਰੋਲ ਫ਼ਰੋਲਕੇ,
ਉਹਨਾਂ ਦੇ ਨਾਲ ਹੋਰ ਭਾਂਬੜ ਬਾਲਦੇ ਨੇ ।
ਕੁਝ ਹੋਰ ਹਨੇਰੀਆਂ ਲਿਆਉਂਦੇ ਨੇ,
ਕੁਝ ਹੋਰ ਰਾਹਾਂ ਦੇ ਰੁਖ ਬੂਟੇ ਜਲਾਉਂਦੇ ਨੇ ।
ਇਹ ਸਭ ਰਾਜ ਦੇ ਰਾਖਿਆ ਦੀ ਮਾਇਆ ਹੈ ।
ਜਿਹਨਾ ਦੇਸ਼ ਭਗਤਾਂ,ਚ ਨਾ ਲਿਖਾਇਆ ਹੈ ।

# ਦੌੜ

ਸੜਕਾਂ ਬਾਜ਼ਾਰ ਹਰਦਮ ਦੌੜਦੇ ਹੀ ਰਹਿੰਦੇ
ਨਾਹ ਦਿਨੇ ਨਾ ਰਾਤ ਕਦੇ ਟਿਕ ਕੇ ਬਹਿੰਦੇ।
ਇਕ ਦੂਜੇ ਦੀ ਪਛਾਣ ਦੀ ਵਿਹਲ ਕਿੱਥੇ ?
ਭੀੜਾਂ 'ਚ ਸਭ ਚਿਹਰੇ ਬੇਪਛਾਣ ਹੀ ਰਹਿੰਦੇ ।
ਪਛਾਣੂ ਕਿਸੇ ਨੂੰ ਦੂਰੋਂ ਬਸ ਹੱਥ ਹੀ ਹਿਲਾਉਣਾ ।
ਪਲ ਦੇ ਪਲ ਗਰਦਨ ਘੁਮਾ ਥੋੜਾ ਮੁਸਕਰਾਉਣਾ ।
ਬੱਚਿਆ ਦੇ ਚਿਹਰਿਆਂ ਤੇ ਮਾਸੂਮੀਅਤ ਝਲਕਦੀ
ਅਪਣਤ ਦੀ ਲਾਲੀ ਵੇਖ ਕੇ ਹਸਰਤ ਮਚਲਦੀ ।
ਪਰ ਜਦੋਂ ਉਹ ਓਪਰੀ ਬੋਲੀ'ਚ ਕੁਝ ਕਹਿੰਦੇ ,
ਆਸੀਸਾਂ ਲਈ ਉਠੇ ਹੱਥ ਉਠੇ ਹੀ ਰਹਿ ਜਾਂਦੇ ।
ਘਰਾਂ ਦੀਆਂ ਸਜੀਆਂ ਬੈਠਕਾਂ  ਸਜਾਵਟਾਂ ਕਮਾਲ
ਮਖ਼ਮਲੀ ਗਦਿਆਂ ਗਲੀਚਿਆ ਦੇ ਨਾਲ ।
ਐਪਰ ਕੁਝ ਰਵਾਇਤੀ ਤੇ ਓਪਰੇ ਜਹੇ ਬੋਲ,
ਨਹੀ ਪਹੁੰਚਦੇ ਦਿਲਾਂ ਦੀਆਂ ਅਪਣਤਾਂ ਦੇ ਕੋਲ।
ਕੋਲ ਬਹਿਣਾ ਨਿਠਕੇ ਦੁਖ ਸੁਖ ਸਾਂਝੇ ਫ਼ੋਲਣੇ,
ਵਿਸਰੀਆਂ ਯਾਦਾਂ ਦੇ ਕੁਝ ਭੇਦ ਗੁੱਝੇ ਖੋਲ੍ਹਣੇ ।
ਸਾਂਝਾਂ ਦੀ ਮਿੱਟੀ ਗੁੰਨ੍ਹਣੀ, ਖ਼ੁਸ਼ਬੋ ਭਿੰਨੀ  ਸੁੰਙਣੀ ,
ਦੁਖ ਸੁਖ ਹਾਸੇ ਦਿਲਾਸੇ ਹਿਰਦੇ ਦੀ ਸਾਂਝ ਪੁਗਣੀ ।
ਕਿਸ ਪਾਸ ਹੁਣ ਹੈ ਸਮਾਂ ਕਿ ਯਾਦਾਂ ਦੀ ਫੋਲੇ ਪਿਟਾਰੀ ,
ਰੁਝੇਵਿਆਂ ਦੀ ਹੈ ਵਲਗਣ, ਖੁਲ੍ਹੇ ਕਿਵੇਂ ਯਾਦਾਂ ਦੀ ਬਾਰੀ,
ਕੰਮਾਂ ਦੀ ਦੌੜ ਭੱਜ ਵਿਚ ਜੀਵਨ ਫਿੱਕਾ ਹੋ ਗਿਆ ।
ਡਾਲਰ ਵੱਡੇ ਹੋ ਗਏ, ਮਨੁੱਖ  ਨਿੱਕਾ ਹੋ ਗਿਆ ।

# ਪ੍ਰਾਈਵੇਸੀ

(ਇਕ ਟੈਕਸੀ ਡ੍ਰਾਈਵਰ ਦੀ ਸੱਚੀ ਵਾਰਤਾ}

ਮੈ ਆਪਣਾ ਸਭ ਕੁਝ ਵੇਚ ਵਟਾ ਕੇ ਕੈਨੇਡਾ ਆਇਆ-
ਇਥੇ ਸੈਟ ਹੋਣ ਲਈ ਕਈ ਘਾਲਾਂ ਘਾਲੀਆਂ-
ਲਕੀਨ-ਅਪ ਕੀਤੇ,ਭਾਰ ਚੁੱਕੇ,ਪਹਿਰੇ ਦਿੱਤੇ,ਮਜ਼ਦੂਰੀਆਂ ਕੀਤੀਆਂ -
ਦਿਨ-ਰਾਤ ਠੰਡਾਂ ਬਰਫ਼ਾਂ ਵਿਚ ਟੈਕਸੀ ਚਲਾਈ-
ਆਪਣੇ ਪੈਰੀਂ ਖੜੇ ਹੋਣ ਲਈ ਕੀਤੀ ਕਮਾਈ,
ਮੌਰਟਗੇਜ ਲੈਕੇ ਘਰ ਲਿਆ-
ਬੱਚੇ ਨੂੰ ਚੰਗੇ ਸਕੂਲਾਂ ਵਿਚ ਪੜ੍ਹਨ ਪਾਇਆ-
ਜੋ ਕੁਝ ਆਸੇ ਪਾਸੇ ਸੁਣਿਆ ਵੇਖਿਆ ਸਭ ਸਿਖਾਇਆ-
ਪਰ ਨਾਹ ਕਦੇ ਗੁਰਦੁਆਰੇ ਲੈ ਗਿਆ,ਨਾਹ ਪੰਜਾਬੀ ਪੜ੍ਹਨੇ ਪਾਇਆ-
ਹਾਂ  ਅੰਗ੍ਰਜ਼ੀ ਘੋਟ ਘੋਟ ਕੇ ਸਿਖਾਈ ਪੜ੍ਹਾਈ -
ਵੱਡਾ ਹੋਇਆ ਤਾਂ ਡਾਕਟਰੀ ਪੜ੍ਹਨੇ ਪਾਇਆ,ਡਾਕਟਰ ਬਣਾਇਆ-
ਉਸਦੀ ਮਰਜ਼ੀ ਨਾਲ ਗੋਰੀ  ਨਾਲ ਉਸਦਾ ਵਿਆਹ ਕਰਵਾਇਆ-
ਉਨ੍ਹਾਂ ਲਈ ਹੋਰ ਨਵਾਂ ਵਧੀਆ ਘਰ ਬਣਵਾਇਆ-
ਆਪਣੀ ਮੁਸ਼ੱਕਤਾਂ ਨਾਲ ਕਮਾਈ ਨੂੰ ਦਾਅ ਤੇ ਲਾਇਆ-
ਕੁਝ ਦਿਨ ਨਵੀਂ ਜੋੜੀ ਘਰ ਰਹੀ ,ਹਰ ਮੰਗ ਪੂਰੀ ਕੀਤੀ ਜੋ ਉਨ੍ਹਾਂ ਕਹੀ -
ਇਕ ਦਿਨ ਡਾਕਟਰ ਪੁੱਤਰ ਨੇ ਫ਼ੁਰਮਾਇਆ-
"ਸ਼ੌਰੀ ਡੈਡ ! ਵੀ ਨੋ ਲੌਂਗਰ ਕੈਨ ਸਟੇਅ ਵਿਦ ਯੂ"
ਵੀ ਵਾਂਟ ਅਵਰ ਪ੍ਰਾਈਵੇਸੀ ਵੀ ਗੋਟ ਅਨੋਦਰ ਹਾਊਸ
ਵੀ ਸ਼ੈਲ ਬੀ ਮੂਵਿੰਗ ਸੂਨ"
ਘਰ ਛਡ ਕੇ ਜਾਂਦੇ ਨੂੰਹ-ਪੁੱਤਰ ਨੂੰ ਵੇਖਕੇ

ਮਨ ਮੁਰਝਾਇਆ– ਗੱਚ ਭਰ ਆਇਆ–

ਸੋਚਦੇ ਰਹੇ ਕੀ ਖੱਟਿਆ ਤੇ ਕੀ ਗਵਾਇਆ–

ਹੁਣ ਕਦੇ ਫ਼ਾਦਰ ਮਦਰ ਜਾਂ ਫ਼ੈਮਿਲੀ ਡੇ ਤੇ ਆਉਂਦੇ ਨੇ–

ਰਸਮੀ ਜਿਹਾ ਸਨੇਹ ਦਿਖਾਉਂਦੇ ਨੇ,

ਕੋਈ ਬੇਲੋੜਾ ਜਿਹਾ ਗਿਫ਼ਟ ਦੇ ਜਾਂਦੇ ਨੇ–

ਸੋਚਦਾ ਹਾਂ ਕੀ ਇਹੀ ਹੈ ਸਾਰੀ ਜ਼ਿੰਦਗੀ ਦੀ ਕਮਾਈ ?

ਜਿਸ ਲਈ ਸਾਰੀ ਉਮਰ ਆਪਣੀ ਜਾਨ ਲੜਾਈ ।

# ਇਕ ਬੋਹੜ ਪੁਰਾਣਾ

(ਇਕ ਸਿਹਜਾਸਣੀ ਬਜ਼ੁਰਗ ਨੂੰ ਵੇਖਕੇ)

ਇਕ ਬੋਹੜ ਪੁਰਾਣਾ ਦਰਦ ਰੰਞਾਣਾ,ਬਿੱਟ ਬਿੱਟ ਤਕਦਾ ਜੀਅ ਭਿਆਣਾ ।

ਸਿੱਖਰ ਉਮਰ ਦੀ ਸੱਤਰ-ਬਹੱਤਰਾ,ਫਲ ਫੁਲ ਹੀਨ, ਇਹ ਬਿਰਖ ਨਿਪੱਤ੍ਰਾ ।

ਪੋਣਾ ਕਦੇ ਸੀ ਆਉਂਦੀਆਂ ਜਾਂਦੀਆਂ,

ਟਹਿਣੀਆਂ ਪੱਤਿਆਂ ਨੂੰ ਨਾਚ ਨਚਾਂਉਂਦੀਆਂ।

ਸੁਰਾਂ ਅਨੇਕ ਛੇੜ ਕੇ ਜਾਂਦੀਆਂ,ਜੀਵਨ ਨੂੰ ਰਸਵਾਨ ਬਣਾਂਉਂਦੀਆਂ ।

ਰੁੱਤ ਬਹਾਰੀ ਫੁਲ ਖਿੜਦੇ ਸੀ, ਰੰਗ ਮਹਿਕਾਂ ਮੇਲੇ ਜੁੜਦੇ ਸੀ, ਰਾਹੀ ਜਾਂਦੇ ਛਾਂ ਵਿਚ ਬਹਿੰਦੇ, ਕੁਝ ਦਿਲਾਂ ਦੀਆਂ ਸੀ ਸੁਣਦੇ ਕੁਝ ਕਹਿੰਦੇ ।

ਰੰਗ ਬਰੰਗੇ ਪੰਛੀ ਸੀ ਆਉਂਦੇ, ਟਾਹਣੀਆਂ ਤੇ ਆਹਲਣੇ ਪਾਂਉਂਦੇ ਨੱਚਦੇ ਗਾਂਦੇ, ਅਜ ਦੂਰੋਂ ਦੇਖ ਮੁੜ ਜਾਂਦੇ ।

ਅਜ ਲੰਘਦੇ ਪੌਣਾਂ ਦੇ ਝੋਕੇ, ਆਂਉਂਦੇ ਜਾਂਦੇ ਤੀਰ ਚੁਬੋਕੇ,

ਸੁੱਕੇ ਟਾਹਣਾ ਦੀ ਖੜ ਖੜ ਹੈ,ਸਾਰਾ ਮੌਸਮ ਹੀ ਪਤਝੜ ਹੈ ।

ਕੈਸੀ ਹੈ ਇਹ ਜੀਵਨ ਲੀਲਾ,ਸਭ ਕੁਝ ਹੋਇਆ ਤੀਲਾ ਤਲਿਾ,

ਸਮੇਂ ਦਾ ਇਹ ਨਿਰਦੇਈ ਛੱਲ ਹੈ,ਕੀ ਰਿਹੀਓ ਜੀਵਨ ਦਾ ਫਲ ਹੈ ?

# ਓਦੋਂ ਤੇ ਹੁਣ

ਲ਼ਗਦੀ  ਓਦੋਂ ਦੀ ਹੈ ਇਹ ਦਾਸਤਾਨ-

ਕਾਗਜ਼ ਉੱਤੇ ਚਲਦੀ ਹੋਈ ਕਲਮ ਜਾਣ,

ਬਣ ਗਈ ਹੋਵੇ ਜਿਵੇਂ ਦਿਲ ਦੀ ਜ਼ੁਬਾਨ

ਕਹਿੰਦੀ ਸੀ  ਜਿਹੜੀ ਦਿਲ ਦੀ ਬਾਤ,

ਦੁਖ ਸੁਖ ਖ਼ੁਸ਼ੀ ਗਮੀ ਦੇ ਜਜ਼ਬਾਤ ।

ਹਮਦਰਦੀ ਦੇ ਸੁਨੇਹੇ, ਪਿਆਰ ਮੁਹੱਬਤਾਂ ਦੀ ਗਰਮੀ .

ਹਾਲਾਤ ਦੀ ਸਖ਼ਤੀ , ਹਮਦਰਦੀ ਦੀ ਨਰਮੀ ।

ਅੱਖਰਾਂ 'ਚੋਂ ਆਉਂਦੀ ਸੀ , ਬੁਲ੍ਹ-ਫ਼ੁਲਾਂ ਦੀ ਖੁਸ਼ਬੋਈ

ਸ਼ਬਦਾਂ 'ਚੋਂ ਸੁਣੀਂਦੀ, ਜਾਣੀ-ਪਛਾਣੀ ਆਵਾਜ਼ ਦੀ ਕਨਸੋਈ ।

ਲਿਖਿਆ ਸੀ ਇਕ ਮਿੱਤਰ ਨੂੰ ਕਿਸੇ ਕਲਮਕਾਰ,

"ਜਦੋਂ ਵੀ ਪੜ੍ਹਦਾਂ ਹਾਂ ਤੇਰੇ ਖਤ ਯਾਰ !

ਦੀਦਾਰ ਅੰਦਰਵਾਰ ਹੋ ਜਾਵੇ ਸਾਕਾਰ "

ਐਪਰ ਪਲ ਪਲ ਬਦਲਦੀ ਸਮੇ ਦੀ ਰਫ਼ਤਾਰ,

ਗਿਆਨ-ਵਿਗਿਆਨ ਨਵ-ਤਕਨੀਕ ਦੇ ਚਮਤਕਾਰ ।

ਹੁਣ ਤਾਂ ਚਿੱਠੀਆਂ ਵਿਚ ਲਿਖੇ ਜਾਂਦੇ ਸੁਨੇਹੇ ,

ਜਾਪਦੈ ਹੋ ਗਏ ਜਿਵੇਂ ਬੇਹੇ ਜਿਹੇ ।

ਫ਼ੋਨ ਵਿਚ ਗੱਲਾਂ ਹੋ ਜਾਣ ਨਾਲੋਨਾਲ ।

ਦਿਲਾਂ ਦੀਆਂ ਘੱਟ ਭਾਵੇਂ, ਬਹੁਤੀਆਂ, ਕਾਰੋ-ਵਿਹਾਰ ।

ਫ਼ੈਕਸ ਮਸ਼ੀਨਾ ਦੇ ਬਟਨ ਦਬਾਈਏ, ਸਵਾਲ ਭੇਜੀਏ,

ਨਾਲੋ ਨਾਲ ਜਵਾਬ ਪਾਈਏ ।

"ਹਾਓ-ਓ ਯੂ, ਆ-ਅ-ਮ,  ਵੈਲ਼-ਵੈਰੀ ਵੈਲ"

ਦੌੜਦੀ ਗੱਡੀ 'ਚ ਬੋਲਦੀ ਸੈਲ ।

ਈ-ਮੇਲ, ਕੰਪਿਊਟਰ ਦਾ ਖੇਲ ,

ਫ਼ੌਰਨ ਹੋ ਜਾਵੇ ਸੁਨੇਹਿਆਂ ਦਾ ਮੇਲ ।

ਲ਼ਗਦੈ ਸਰਕਾਰਾਂ ਨੂੰ ਹੁਣ, ਬੰਦ ਕਰਨੇ ਪੈਣਗੇ,ਸਭ ਡਾਕਘਰ ।

ਮਸ਼ੀਨਾ ਨੇ ਦਿਲ ਦੀ ਥਾਂ ਸੰਭਾਲੀ

ਫ਼ੋਨ-ਫ਼ੈਕਸਾਂ ਈ-ਮੇਲ, ਬਣ ਗਏ ਜ਼ੁਬਾਨਾ,

ਆਪਣਾ ਹੀ ਦਿਲ ਹੋ ਗਿਆ ਬੇਗਾਨਾ ,

ਆ ਗਿਆਂ ਕੈਸਾ ਜ਼ਮਾਨਾ ! ਆ ਗਿਆਂ ਕੈਸਾ ਜ਼ਮਾਨਾ !

# ਕਿਰਸਾਨੀ ਦੀ ਲੁੱਟ

## ਕਿ – ਕਿਰਤ ਕਰੇ

## ਰ– ਰੋਟੀ ਕਮਾਵੇ

## ਸਾ– ਸਾਰਿਆਂ

## ਨ– ਨਾਲ ਵੰਡ ਕੇ ਖਾਵੇ

ਮਿੱਟੀ ਦੇ ਨਾਲ ਮਿੱਟੀ ਬਣਕੇ, ਬੱਚਿਆਂ ਵਾਂਗੂ ਫ਼ਸਲ ਪਾਲਦਾ ।
ਇਕੋ ਸੁਪਨਾ ਮਨ ਵਿਚ ਵਸਿਆ, ਮੁੱਲ ਪੈ ਜਾਵੇ ਮੇਰੀ ਘਾਲ ਦਾ ।
ਬੰਜਰ ਧਰਤੀ ਨਾਲ ਘੁਲ ਘੁਲ ਕੇ,ਹਰੀ ਭਰੀ ਜ਼ਰਖ਼ੇਜ਼ ਬਣਾਵੇ ।
ਮਿੱਟੀ ਵਿਚ ਚੋ ਚੋ ਕੇ ਮੁੜ੍ਹਦਾ,ਸੋਨੇ ਰੰਗੀ ਫ਼ਸਲ ਉਗਾਵੇ ।
ਇਹ ਦਾਣੇ ਸਭ ਦਾ ਢਿੱਡ ਭਰਦੇ, ਸਭ ਨੂੰ ਜੀਵਨ ਦਾਨ ਨੇ ਕਰਦੇ ।
ਐਪਰ ਇਹ ਉਪਜਾਵਣ ਵਾਲੇ,ਕਿਉਂ ਆਤਮ–ਘਾਤ ਨੇ ਕਰਦੇ ?
ਹੱਡ ਠਾਰਦੀ ਸਰਦੀ ਦੇ ਵਿਚ,ਖੁਲ੍ਹੇ ਅਸਮਾਨੀ ਠਰਦੇ ਨੇ।
ਉਪਜ ਦਾ ਮੁਲੱ ਪੁਆਉਣ ਖਾਤਰ, ਫ਼ਿਰ ਵੀ ਫ਼ਰਿਆਦਾਂ ਕਰਦੇ ਨੇ।
ਕੋਠੀਆਂ ਵਿਚ ਬੈਠਾ ਵਪਾਰੀ , ਸੋਨਾ ਕੋਡੀਆਂ ਭਾਅ ਲੁਟਦਾ ਹੈ ।
ਰਾਜ ਦੁਆਰੇ ਬੈਠੇ ਹਾਕਮ ਵਲ, ਲੁੱਟੀਆਂ ਕੁਝ ਮੁਹਰਾਂ ਸੁਟਦਾ ਹੈ ।
ਸੇਠਾਂ ਦੀ ਗੋਲਕ ਭਰਦੇ ਹਾਕਮ, ਦੇਂਦੇ ਲੁੱਟਾਂ ਦੀ ਹੁਸ਼ਿਆਰੀ ।
ਕਿਸਾਨ ਭੰਡਾਰ ਨੂੰ ਲਾ ਤਿੰਨ ਸੰਨ੍ਹਾ, ਹੋਰ ਲੁੱਟ ਦੀ ਕੀਤੀ ਤਿਆਰੀ ।
ਰਾਜ ਮਹਿਲ ਤੋਂ ਰੋਜ਼ ਹੀ ਰਾਜਾ, ਸ਼ਬਦਾਂ ਦੇ ਮਿੱਠੇ ਬਾਣ ਚਲਾਵੇ ।
ਸ਼ਬਦ ਜਾਲ ਦਾ ਚੱਕ੍ਰ ਬਣਾਵੇ,ਭੋਲੀ ਜਨਤਾ ਨੂੰ ਭਰਮਾਵੇ ।
ਜਾਗ ਪਏ ਧਰਤੀ ਦੇ ਪੁੱਤਰ, ਲਾਮਬੰਦ ਹੋ ਗਏ ਨੇ ਸਾਰੇ ।
ਅਸੀਂ ਹੁਣ ਹੋਰ ਲੁੱਟ ਨਹੀ ਸਹਿਣੀ, ਸਾਰੇ ਮਾਰ ਰਹੇ ਲਲਕਾਰੇ ।

ਆਪਣੀ ਘਾਲ ਕਮਾਈ ਦਾ ਜੋ ,ਘੱਟੋ ਤੋਂ ਘੱਟ ਵੀ ਮੁੱਲ ਸੀ ਮਿਲਦਾ ।

ਹੁਣ ਉਹ ਵੀ ਦੇਣ ਤੋਂ ਨਾਬਰ ਹੋਇਆ, ਸਾਰਾ ਲੋਟੂ ਹਾਕਮ ਚੌਗਿਰਦਾ ।

ਸੋਚ ਸਮਝਕੇ ਜਾਲਾ ਬੁਣਦੀ , ਇਹ ਲੋਟੂ ਸਰਕਾਰੀ ਮਕੜੀ ।

ਭੋਲੇ ਭਾਲੇ ਕਿਰਤੀ ਫ਼ਾਹੁੰਦੀ , ਸਿਕਦਾਰਾਂ ਦੀ ਟੋਲੀ ਤਕੜੀ ।

ਆਰ ਪਾਰ ਦੀ ਜੰਗ ਛਿੜੀ ਹੁਣ, ਇਹ ਫ਼ੈਸਲਾ ਹੋਕੇ ਰਹਿਣਾ ।

ਜੋਕਾਂ ਦੇ ਮਹਿਲਾਂ ਨੇ ਢਹਿਣਾ, ਜਾਂ ਕਿਰਤੀ ਦੀਆਂ ਢੋਕਾਂ ਰਹਿਣਾ ।

ਮਨ ਹਾਲੀ ਦੇ ਰਾਖੇ ਸਤਿਗੁਰ,ਕਰੋ ਕਿਰਸਾਣੀ ਕਰਣੀ ਦੀ ਰਾਖੀ ।

ਕੂੜ ਨਿਖੁੱਟਣ,ਓੜਕ ਸੱਚ ਰੱਖਣ, ਦੀ ਗਲ ਤੁਸਾਂ ਆਪੇ ਸੀ ਆਖੀ ।

# ਮੁਖੀਏ ਦੇ ਉੱਚੇ ਮਹਿਲ

ਮੁਖੀਏ ਦੇ ਉੱਚੇ ਮਹਿਲ ਕਿਹੜਾ ਢਾਹ ਗਿਆ,

ਸਾਰੇ ਹੀ ਪਿੰਡ ਤਾਈਂ ਸਿਆਪਾ ਪਾ ਗਿਆ ।

ਪਹਿਰੇਦਾਰਾਂ ਦੀ ਬੜੀ ਸੀ ਚੌਕਸੀ ।

ਫ਼ਿਰ ਵੀ ਕਿਹੜਾ ਆਣ ਕੇ ਦਾਅ ਲਾ ਗਿਆ ।

ਚੌਹਾਂ ਪਾਸੇ ਹੀ ਮਚੀ ਹੈ ਹਾ ਹਾ ਕਾਰ,

ਕੌਣ ਹੈ ਸਾਕਾ ਜੋ ਇਹ ਵਰਤਾ ਗਿਆ ।

ਵੱਡਿਆਂ ਦੇ ਹੁੰਦੇ ਦੁਖ ਵੀ ਨੇ ਵੱਡੇਰੇ ,

ਘਰ ਘਰ ਦੇ ਅੰਦਰ ਸ਼ੋਕ ਕੈਸਾ ਛਾ ਗਿਆ ।

ਉਂਵ ਤਾਂ ਜਨਾਜ਼ੇ ਹੋਰ ਕਿਤਨੇ ਉਠਦੇ ,

ਹੁਣ ਤਾਂ ਇਕੇਰਾਂ ਮੌਤ ਦਾ ਹੜ ਆ ਗਿਆ ।

ਜਿਸਨੂੰ ਸ਼ਰੀਕਾਂ ਲਈ ਕਦੇ ਸੀ ਵਰਤਿਆ ,

ਕਹਿੰਦੇ ਨੇ ਉਹੀਓ ਅੱਗ ਇਹ ਭੜਕਾ ਗਿਆ ।

ਦੂਜਿਆਂ ਦੇ ਵਿਹੜੇ ਲਗਾ ਕੇ ਸੇਕਦਾ ,

ਘਰ ਨੂੰ ਲਗੀ ਵੇਖ ਕੇ ਘਬਰਾ ਗਿਆ ।

ਦੂਰ ਸਿਵਿਆਂ ਵਿਚ ਧੁਖਦੀ ਸੀ ਚਿੰਗਾੜੀ ,

ਕਿਹੜਾ ਚੁਕਕੇ ਸਿਰ'ਚ ਇਸਦੇ ਪਾ ਗਿਆ ।

ਭਾਜੀਆਂ ਮੋੜਨ ਦਾ ਹੈ ਦਸਤੂਰ ਭਾਵੇਂ,

ਮਾਸੂਮਾਂ ਦੇ ਕੋਈ ਆਲ੍ਹਣੇ ਕਿਉਂ ਢਾਹ ਗਿਆ ?

# ਜੀਵਨ ਦੇ ਖਜ਼ਾਨੇ

ਦੂਰ ਦਿਸਦੇ ਪਹਾੜਾਂ ਦੀਆਂ ਚੋਟੀਆਂ,
ਚਿਟੀਆਂ ਬਰਫ਼ਾਂ ਦੇ ਤਾਜ ਸਜਾਕੇ ਚਮਕਦੀਆਂ ।



ਪਰ ਅੰਦਰੋਂ ਪਾਲੇ ਦੀ ਮਾਰ ਖਾ ਖਾਕੇ,
ਰੁੱਖੀਆਂ ਤੇ ਵਿਰਾਨ
ਚਟਾਨਾਂ ਬਣ ਜਾਂਦੀਆਂ ।
ਔਖੇ ਸਮਿਆਂ ਦੇ ਵਿਚ ਇਨ੍ਹਾਂ ਦੇ ਚੁੱਕੇ ਭਾਰ,
ਮੈਦਾਨਾ ਵਿਚ ਬਣੇ ਆਬਸ਼ਾਰ ।
ਜੋ ਜੀਵਨ ਵਿਚ ਲਿਆਂਉਂਦੇ ਬਹਾਰ ।
ਦੂਰ ਦੂਰ ਤਕ ਫ਼ੈਲੇ ਬਿਰਛ ਬੂਟਿਆਂ ਦੇ ਝੁੰਡ,
ਬਰਫ਼ਾਂ ਦੀ ਮਾਰ ਖਾ ਖਾ ਕੇ ਹੋਏ ਰੁੰਡ ਮਰੁੰਡ,
ਚੁਪਚਾਪ ਖਲੋਤੇ ਸਭ ਭਾਣਾ ਮੰਨਦੇ ।
ਰੁਤ ਬਦਲਦੀ ਮੁੜ ਪੱਤਿਆਂ ਦਾ ਭੋਸ਼ਣ ਪਹਿਨਕੇ,
ਹਰਿਆਵਲ ਨਾਲ ਵਾਤਾਵਰਨ ਸ਼ਿੰਗਾਰਦੇ ।

ਮੀਲਾਂ ਤਕ ਫ਼ੈਲੇ ਖੇਤ ਵੀਰਾਨ, ਸੁੰਨਸਾਨ,
ਹਰਿਆਵਲ ਦਾ ਕਿਧਰੇ ਬੱਚਿਆ ਨਹੀਂ ਨਿਸ਼ਾਨ,
ਨਿਸਦਿਨ ਕੁਦਰਤ ਦੇ ਕਹਿਰ'ਚ ਕਰਦੇ ਗੁਜ਼ਰਾਨ ।
ਪਰ ਸੰਭਾਲ ਸੰਭਾਲ ਰਖਦੇ ਜੀਵਨ ਦੇ ਖ਼ਜ਼ਾਨੇ
ਸਮਾਂ ਆਉਣ ਤੇ ਸਾਰੀਆਂ ਦੌਲਤਾਂ ਕੱਢ ਕੱਢ ਵਰਤਾਂਦੇ,
ਸਹਿਸ਼ੀਲਤਾ ਧੀਰਜ ਸਬਰ ਸੰਤੋਖ ਦੀਆਂ ਝਲਕਾਂ ਵਿਖਾਂਦੇ ।

# ਰਿਖੀ ਰੁੱਖ

ਚੀੜ੍ਹ ਦੇ ਪਰਵਾਰ ਦਾ ਇਹ ਬਿਰਖ ਸੁਹਾਵਾ,

ਉਗਿਆ ਵਿਚ ਕਤਾਰਾਂ ਲਗਦਾ ਵਾਹਵਾ ਵਾਹਵਾ॥



ਕੱਦ ਸਰੂ ਦੇ ਵਾਂਗ ਸਦਾ ਬਹਾਰੀ ਨੁਹਾਰ,

ਉਤੋਂ ਤਿਕੋਂਨੀ ਛੱਤ ਜਿਹਾ ਬਣਿਆ ਆਕਾਰ ।

ਪੰਛੀ ਕੋਈ ਜਿਵੇਂ ਉਡਾਰੀ ਮਾਰਨ ਲਈ ਹੋਵੇ ਤਿਆਰ ਬਰ ਤਿਆਰ ।

ਜਾਂ ਖਲੋਤਾ ਹੋਵੇ ਕੋਈ ਪਹਿਰੇਦਾਰ ,ਸਾਵਧਾਨ ਤੇ ਹੁਸ਼ਿਆਰ ।

ਟਾਹਣੀਆਂ ਕੁਝ ਸਿੱਧੀਆਂ ਕੁਝ ਝੁੱਕੀਆਂ,

ਜਿਵੇ ਬਾਹਵਾਂ ਮਿਲਣ ਲਈ ਹੋਣ ਉਠੀਆਂ ।

ਸਿਰ ਤੋਂ ਨਿਕਲਣ ਕੁਝ ਲੰਮੀਆਂ ਲਗਰਾਂ,

ਸ਼ਾਹੀ ਤਾਜ'ਚ ਖੰਭ ਵਾਂਗਰਾਂ ਲਗਦੀਆਂ ।

ਦਿਲ ਜਾਵੇ ਇਸ ਬਿਰਖ ਸੁਹਾਵੇ ਤੋਂ ਬਲਿਹਾਰੀ ,

ਜਿਸਦੀ ਸਾਰੇ ਮੌਸਮਾਂ ਨਾਲ ਹੈ ਯਾਰੀ ।

ਬਹਾਰਾਂ ਵਿਚ ਭਾਵੇਂ ਇਸਦਾ ਰੂਪ ਨਿਖਰਦਾ,

ਹੋਰ ਹਰਿਆਵਲ ਨਾਲ ਵਿਗਸਦਾ ।
ਪਰ ਸਿਆਲੇ ਦੀਆਂ ਬਰਫ਼ਾਂ ਵਿਚ ਵੀ,
ਇਹ ਅਡੋਲ ਤੇ ਅਹਿਲ ਖਲੋਤਾ,
ਜਿਵੇਂ ਸਾਧ ਕੋਈ ਭਗਤੀ ਕਰਦਾ ।
ਬਰਫ਼ਾਂ ਦੀਆਂ ਠੰਡੀਆਂ ਸੀਤ ਬਹਾਰਾਂ,
ਪਾਲੇ ਦੀਆਂ ਯਖ ਗੁੰਜਾਰਾਂ,
ਵਿਚ ਵੀ ਰਿਖੀ ਅਡੋਲ ਖੜਾ ਇਹ ,
ਨੰਗੇ ਪਿੰਡੇ ਸਾਰੇ ਦੁਖ ਸਹਿੰਦਾ।
ਸਾਥੀ ਸਭ ਰੁੰਡ ਮੁੰਡ ਹੋ ਜਾਦੇ,
ਇਸਦੇ ਪਤੇ ਨਹੀ ਮੁਰਝਾਂਦੇ,
ਹਸ ਹਸ ਪਾਲਾ ਸੀਤ ਹੰਡਾਂਦੇ ।
ਕਰਤੇ ਦੀ ਕੁਦਰਤ ਦਾ ਕ੍ਰਿਸ਼ਮਾ,
ਇਸ ਰੁਖ ਦੀ ਮਹਿਮਾਂ ਹੈ ਵਿਸਮਾਂ ।

# ਕਹਿਰ ਤੋਂ ਮਿਹਰ



ਹਰੇ ਭਰੇ ਟਾਹਣੀਆਂ, ਫੁੱਲਾਂ, ਫਲਾਂ ਦੇ ਨਾਲ

ਸੁੰਹਦੇ  ਹੁਨਾਲੇ ਵਿਚ ਰੁੱਖ ਬਾਕਮਾਲ ।

ਝੂੰਮਦੇ ਮਸਤੀ ਦੇ ਵਿਚ ਲਗਦੈ ਖ਼ੁਸ਼ੀ ਮਨਾਉਂਦੇ ।

ਹਵਾ ਵਿਚ ਜਿਵੇਂ ਹੋਵਣ ਨੱਚਦੇ ਤੇ ਗਾਂਉਂਦੇ ।

ਮਿੱਠੇ ਤੇ ਰਸ ਭਰੇ ਫਲ ਸਭ ਨੂੰ ਖੁਆਂਉਂਦੇ ।

ਤੋੜੋ ਨਾ ਤੋੜੋਂ ਭਾਵੇਂ ਧਰਤ ਤੇ ਵਿਛਾਉਂਦੇ ।

ਮੌਸਮਾਂ ਦੇ ਨਾਲ ਇਨ੍ਹਾ ਦੀ ਪੱਕੀ ਸਾਂਝ ਹੈ ।

ਬਸੰਤ ਵਿਚ ਖਿੜਖਿੜਦੇ ਪਤਝੜ ਵਿਚ ਮੁਰਝਾਂਦੇ ।

ਸਰਦੀ ਬਰਫ਼ਾਂ ਪਾਲਿਆਂ ਵਿਚ ਰੁੰਡ ਮੁੰਡ ਹੋ ਜਾਂਦੇ ।

ਪਰ ਫ਼ੇਰ ਵੀ ਮੌਸਮੀ ਕਹਿਰ ਤੋਂ ਰਤਾ ਨਹੀਂ ਘਬਰਾਂਉਂਦੇ ।

ਟਹਿਣੀਆਂ ਤੇ ਬਰਫ਼ ਦੇ ਫੁੱਲਾਂ ਤਾਂਈ ਖਿੜਾਂਉਂਦੇ।

ਕੁਦਰਤ ਦੀ ਇਹ ਦਾਤ ਦਾ ਹੈ ਪੂਰਾ ਮੁੱਲ ਪਾਂਉਂਦੇ ।

ਇਨ੍ਹਾਂ ਤੋਂ ਸਾਨੂੰ ਮਿਲਦੀ ਹੈ ਅਨੁਪਮ ਸਿੱਖਿਆ ।

ਕੁਦਰਤ ਦੀ ਹਰ ਇਕ ਦਾਤ ਤੇ ਕਹਿਰ ਨਾਲ ਮੇਹਰ ਵੀ ਲਿਖਿਆ ।

# ਸਹਜ ਜੀਵਨ

(ਅੰਗ੍ਰਜ਼ੀ ਦੇ ਪ੍ਰਸਿੱਧ ਕਵੀ ਅਲੈਗਜ਼ੈਂਡਰ ਪੋਪ ਦੀ ਕਵਿਤਾ

”**Quiet Life**“ ਦਾ ਅਨੁਵਾਦ)

ਕਿਤਨਾ ਸੁਖੀ ਹੈ ਉਹ ਇਨਸਾਨ,
ਜਿਸਦੀਆਂ ਇੱਛਾਵਾਂ ਤੇ ਧਿਆਨ,
ਸੀਮਤ ਹਨ ਵਿਚ ਵਿਰਸੇ ਦੇ, ਥੋੜੇ ਜਹੇ ਜ਼ਿੰਮੀ ਅਤੇ ਅਸਮਾਨ ।

ਆਪਣੀ ਧਰਤੀ ਪੌਣ'ਚ ਖੁਲ੍ਹੇ ਸਾਹ ਲੈਂਦਾ ਸੰਤੁਸ਼ਟ ਸੁਜਾਨ ।
ਪਸ਼ੂ ਲਵੇਰੇ ਦੁੱਧ ਦੇਂਦੇ, ਤੇ ਖੇਤ ਓਸਦਾ ਰਿਜ਼ਕ ਉਗਾਂਦੇ ।
ਭੇਡਾਂ ਦੇ ਇੱਜੜ ਪਏ ਉਸਦੇ, ਤਨ ਤਾਂਈਂ ਵਸਤਰ ਪਹਿਨਾਂਦੇ ।
ਬਿਰਛ ਹੁਨਾਲੇ ਵਿਚ ਛਾਂ ਦੇਂਦੇ, ਅਤੇ ਸਿਆਲੀਂ ਅੱਗ ਮਘਾਂਦੇ ।

ਵਰੋਸਾਇਆ ਅਲਬੇਲਾ ਜੀਵਨ, ਉਹ ਬੇਫ਼ਿਕਰੀ ਵਿਚ ਬਿਤਾਵੇ ।
ਪਹਿਰਾਂ ਦਿਨਾਂ ਤੇ ਵਰ੍ਹਿਆਂ ਦਾ, ਸਹਿਜੇ ਸਮਾਂ ਬੀਤਦਾ ਜਾਵੇ ।
ਸਿਹਤ ਨਰੋਈ ਮਨ ਦੀ ਸ਼ਾਂਤੀ, ਪੁਰਸਕੂਨ ਦਿਨ ਪਿਆ ਬਿਤਾਵੇ ।
ਰਾਤੀ ਗੂੜ੍ਹੀ ਨੀਦਰ ਆਵੇ, ਦਿਨ ਅਧਿਐਨ ਦੇ ਵਿਚ ਸੁਹਾਵਾ ।

ਬਣ ਜਾਵੇ ਜੀਵਨ ਰੱਸ-ਰੱਤਾ,ਨਾਲੇ ਮਨਭਾਂਉਂਦਾ ਪਰਚਾਵਾ ।
ਨਿਰਛਲ ਤੇ ਨਿਰਦੋਸ਼ ਆਨੰਦ ਭਗਤੀ ਦਾ ਦੇ ਜਾਏ ਹੁਲਾਰਾ ।
ਏਸ ਤਰ੍ਹਾਂ ਦਾ ਜੀਵਨ ਹੋਵੇ, ਬੇਪਛਾਤਾ ਤੇ ਬੇ-ਨਾਵਾਂ ।
ਵੈਣ ਵਿਰਲਾਪ ਤੋਂ ਬਿਨਾ ਹੀ ਆਖਿਰ, ਚੁੱਪ ਚੁਪੀਤਾ ਮੈਂ ਟੁਰ ਜਾਵਾਂ ।
ਹੋਵੇ ਨਾਮਾਲੂਮ ਟਿਕਾਣਾ, ਨਾ ਕੋਈ ਖ਼ੁਤਬਾ, ਨਾ ਕੋਈ ਨਾਵਾਂ ।

# ਫ਼ਲੈਂਡਰਜ਼ ਦੇ ਮੈਦਾਨ ਵਿਚ

(ਲੈਫ਼ਟੀਨੈਂਟ –ਕਰਨਲ ਜੋਹਨ ਮੈਕਰੀ ਦੀ ਕਵਿਤਾ ਦਾ ਅਨੁਵਾਦ )

ਫ਼ਲੈਨਡਰਸ ਦੇ ਮੈਦਾਨ ਵਿਚ ਖਿੜੇ ਪੌਪੀ ਦੇ ਫ਼ੁਲ ਲਾਲ ਲਾਲ,

ਸਾਡੀਆਂ  ਕਬਰਾਂ ਦੇ ਨਾਲ ਨਾਲ ।

ਸਾਡੀਆਂ ਆਸ਼ਾਵਾਂ ਦੇ ਸਵੇਰੇ ਦੀ ਉਗਾਹੀ ਭਰਦੇ ਨੇ,

ਹੇਠਾਂ ਸਾਡੇ ਬਸੇਰੇ ਦੀ ਗਵਾਹੀ ਭਰਦੇ ਨੇ ।

ਪੰਛੀ ਉਤੇ ਅਸਮਾਨੀ ਓਡਦੇ ਤੇ ਗਾਉਂਦੇ ,

ਤੋਪਾਂ ਦੀ ਗਰਜ  ਨੂੰ ਲਾਹਨਤਾਂ ਪਾਉਂਦੇ ।

ਸਾਡੀ ਜੋ ਕੁਰਬਾਨੀ ਦਾ ਦਿਨ ਆਇਆ ਹੈ,

ਅਸੀਂ ਕੌਮਾਂ ਦਾ ਜੀਵਨ ਵਰੋਸਾਇਆ ਹੈ ।

ਮਾਪਿਓ ਪਤਨੀ ਬੱਚੇ ਪ੍ਰਵਾਰ ਤੇ ਦਿਲਦਾਰ ,

ਪੀਂਦੇ ਪਿਲਾਂਉਦੇ ਜਿਨ੍ਹਾਂ ਸੰਗ ਮੁਹੱਬਤਾਂ ਦੇ ਜਾਮ,

ਸਾਡੇ ਜੀਵਨ ਦਾ ਸੂਰਜ ਡੁਬ ਗਿਆ ਏਥੇ  ਇਕ ਸ਼ਾਮ ।

ਫ਼ਲੈਂਡਰਜ਼ ਦੇ ਮੈਦਾਨ ।

ਇਸ ਮੈਦਾਨ ਵਿਚ ਅਸੀਂ ਹੀ ਮਹਿਕੇ ਹਾਂ,

ਪੌਪੀ ਫੁਲ ਬਣਕੇ ਟਹਿਕੇ ਹਾਂ ।

ਇਹ ਜੋ ਸੂਹੇ ਰੰਗ ਦਾ ਜਲਾਲ ਹੈ ,

ਸਾਡੇ ਲਹੂ ਦਾ ਹੀ ਕਮਾਲ ਹੈ ।

ਇਹ ਭਿੰਨੀ ਖੁਸ਼ਬੋ ਜੋ ਆਈ ਹੈ,

ਸਾਡੀਆਂ ਹੀ ਰੀਝਾਂ ਦੀ ਗਵਾਹੀ ਹੈ ।

ਕੰਬਦੇ ਨਿਰਜਿੰਦ ਹੱਥਾਂ ਦੇ ਨਾਲ,

ਅਸਾਂ ਪਕੜਾਈ ਸੀ ਤੁਹਾਨੂੰ ਕੌਮੀ ਮਸ਼ਾਲ ।

ਇਸ ਨੂੰ ਗਗਨਚੂੰਭੀ ਚਾਨਣ ਬਣਾਓ,

ਮਨੁੱਖਤਾ ਦਾ ਦੁਸ਼ਮਣ ਹਨੇਰਾ ਭਜਾਓ,

**ਜੈਜੈਕਾਰ ਦੇ ਨਾਹਰੇ ਗਜਾਓ ।**

**ਐਪਰ ਜੇ ਤੁਸੀਂ ਸਾਡੇ ਵਿਸ਼ਵਾਸ ਗਵਾਏ,**

**ਸਾਡੀ ਆਤਮਾ ਕੁਰਲਾਏਗੀ ,**

**ਇਨ੍ਹਾ ਫ਼ੁਲਾਂ ਦੀ ਸੇਜ ਤੇ ਵੀ ਸਾਨੂੰ ਨੀਦ ਨਹੀ ਆਏਗੀ ।**

**ਕੌਣ ਫ਼ਿਰ ਚੁਕਾਵੇਗਾ ਸਾਡੀ ਕੁਰਬਾਨੀ ਦਾ ਮੁਲ ?**

ਫ਼ਲੈਨਡਰਸ ਦੇ ਮੈਦਾਨ ਵਿਚ ਖਿੜੇ ਪੌਪੀ ਦੇ ਫੁਲ ।

# ਮਿਹਨਤ ਦਾ ਫ਼ਲ

(ਆਰਥਰ ਹਯੂ ਗਲੱਘੋ (ARTHUR HUGH CLOUGH0) ਦੀ ਕਵਿਤਾ ਦਾ ਅਨੁਵਾਦ )

ਕਦੀ ਨਾ ਆਖੋ ਮਿਹਨਤ ਦਾ ਕੁਝ ਫ਼ਲ ਨਹੀਂ ਮਿਲਿਆ,

ਕੀਤੇ ਕੰਮ ਤੇ ਸਹੇ ਕਸ਼ਟ ਸਭ ਵਿਅਰਥ ਗਏ ਨੇ ।

ਨਾ ਹੀ ਦੁਸ਼ਮਣ ਹਾਰ ਮੰਨੇ ਤੇ ਨਾ ਦਿਲ ਛੱਡੇ ,

ਹਾਲਾਤ ਨਾ ਬਦਲੇ ਪਹਿਲਾਂ ਵਰਗੇ ਉਵੇਂ ਜਿਵੇਂ ਨੇ ।

ਠਗ ਜਾਪਣ ਆਸਾਵਾਂ ਜੇ, ਡਰ ਹੋ ਸਕਦੇ ਕੂੜੇ,

ਦੂਰ ਦੁਰਾਡੇ ਧੁੰਦ ਵਿਚ ਛੁਪੇ ਜੋ ਮਿਤਰ ਗੂੜੇ ।

ਤੁਹਾਡੇ ਡਰ ਸੰਸੇ ਸਭ ਦੂਰ ਭਜਾਉਂਦੇ ਹੋਵਣ,

ਨਿਰਸੰਸੇ ਉਹ ਤੁਹਾਨੂੰ ਜਿਤ ਦੁਆਂਉਂਦੇ ਹੋਵਣ ।

ਸਾਹਮਣੇ ਜਾਪਣ ਕੇਕਰ ਥੱਕੀਆਂ ਹਾਰੀਆਂ ਲਹਿਰਾਂ ,

ਮੁਸ਼ਕਲ ਨਾਲ ਮਸਾਂ ਥੌੜਾ ਜਿਹਾ ਕੰਢਾ ਢਾਹੁਣ।

ਪਿੱਛੇ ਪਏ ਪ੍ਰਵੇਸ਼ ਪਾੜ ਚੋਂ ਚੁਪ ਚੁਪੀਤੇ,

ਮੁੱਖ ਬੰਧ ਢਾਹਕੇ ਲਗੀਆਂ ਹੋਵਣ ਹੜ੍ਹ ਲਿਆਉਣ।

ਸੂਰਜ ਚੜ੍ਹਦੇ ਸਾਰ ਇਕ ਕੋਈ ਜ਼ਰਰੂੀ ਤਾਂ ਨਹੀ,

ਪੂਰਬ ਦੀ ਬਾਰੀ ਚੋਂ ਚਾਨਣ ਅੰਦਰ ਆਵੇ ।

ਕਈ ਵਾਰੀ ਸੂਰਜ ਜਾਂ ਪੂਰਬ ਵਿਚ ਚੜ੍ਹਦਾ ਹੈ,

ਪੱਛਮ ਦੀ ਧਰਤੀ ਪਈ ਚਾਨਣ ਵਿਚ ਨਹਾਵੇ ।

# ਬੁੱਢਾ ਖਾਨਾਬਦੋਸ਼ ਸਮਾ

## (ਕਵੀ ਰਾਲਫ਼ ਹੌਜਸਨ Ralph Hodgson)ਦੀ ਕਵਿਤਾ ਦਾ ਅਨੁਵਾਦ

ਬੁੱਢੜੇ ਖਾਨਾਬਦੋਸ਼ ਸਮੇ, ਜ਼ਰਾ ਠਹਿਰ ਜਾ,
ਕੇਵਲ ਇਕੋ ਦਿਨ ਲਈ ਅਪਣਾ ਰੋਕ ਕਾਫ਼ਲਾ ।
ਕੇਵਲ ਅਜ ਦੇ ਲਈ  ਮਹਿਮਾਨ ਮੇਰਾ ਬਣ ਜਾ ,
ਤੈਨੂੰ ਮੈਂ ਸਭ ਕੁਝ ਦੇਵਾਂਗਾ, ਜੋ ਵੀ ਤੂੰ ਮੰਗਿਆ ।

ਘੜ ਲਿਆਵਣਗੇ ਤੇਰੇ ਟੱਟੂ ਲਈ ਸੁਨਿਆਰੇ ,
ਵਧੀਆ ਮਹਿੰਗੇ  ਚਾਂਦੀ ਦੇ ਘੁੰਗਰੂ ਨਿਆਰੇ।
ਸੋਨੇ ਦਾ ਵੱਧੀਆ ਕੰਙਣ ਵੀ  ਲਿਆਵਣਗੇ,
ਮੋਰ ਲਿਆਕੇ  ਤੇਰੀ ਭੇਟ ਚੜ੍ਹਾਉਣਗੇ ।
ਛੋਟੇ ਬੱਚੇ ਰਲਮਿਲ ਕੇ ਤੇ ਆਉਣਗੇ ,
ਤੇਰੀ  ਉਸਤਤ ਦੇ ਸੁੰਦਰ ਗੀਤ ਸੁਣਾਉਣਗੇ ।
ਪਿਆਰੀਆਂ ਕੁੜੀਆਂ ਵੀ ਆਕੇ ਨਾਲ ਪਿਆਰ
ਪਹਿਨਾਵਣਗੀਆਂ ਤੈਂਨੂੰ ਸਵਾਗਤੀ ਹਾਰ ।
ਬੁੱਢੜੇ ਖਾਨਾਬਦੋਸ਼ ਸਮੇ ਤੂੰ ਲਗਾਤਾਰ,
ਕਿਉਂ ਭਜਦਾ ਹੀ ਜਾ ਰਿਹਾ ਏਂ ਬੇਮੁਹਾਰ ।
ਪਿਛਲੇ ਹਫ਼ਤੇ ਬੇਬੀਲੋਨ ਵਿਚ ਦੇ ਵਿਚ ਤੂੰ ਵੜਿਆ ,
ਪਿਛਲੀ ਰਾਤ ਰੋਮ ਵਿਚ ਕਾਂਗਾ ਤੇ ਚੜ੍ਹਿਆ ।

ਪੌਲ ਦੇ ਗਿਰਜਾਘਰ ਸਵੇਰੇ, ਹੋਇਆ ਲਾਂਘਾ ,

ਗੁੰਬਦ ਦੇ ਘੰਟਾਘਰ ਹੇਠ ਤੂੰ  ਬੰਨ੍ਹੀਆਂ ਵਾਗਾਂ।

ਛਿੰਨ ਪਿੱਛੋਂ ਹੀ ਫ਼ਿਰ ਉੱਥੇ ਵੀ ਤੂੰ ਉਠ ਤੁਰਿਆ,

ਓਸ ਸ਼ਾਹਿਰ ਨੂੰ ਜੋ ਅਜੇ ਤਕ ਨਹੀਂ ਉਸਰਿਆ.

ਤੇ ਨਾ ਹੀ ਪਹਿਲਾ ਨਗਰ ਅਜੇ ਹੈ ਖੰਡਰ ਬਣਿਆ ।

ਬੁੱਢੜੇ ਖਾਨਾਬਦੋਸ਼ ਸਮੇ, ਜ਼ਰਾ ਠਹਿਰ ਜਾ,
ਕੇਵਲ ਇਕੋ ਦਿਨ ਲਈ ਅਪਣਾ ਰੋਕ ਕਾਫ਼ਲਾ ।

# ਖਿੜਦੇ ਫੁੱਲਾਂ ਨੂੰ

(ਰਾਬਰਟ ਹੈਰਿਕ ਦੀ ਕਵਿਤਾ, "ਟੂ ਬਲੌਸਮਸ"ਦਾ ਅਨੁਵਾਦ)



ਫੁੱਲਾਂ ਲੱਦੇ ਬਿਰਛ ਦੇ ਸੁਹਣੇ ਫੁਲੋ,
ਐਨੀ ਵੀ ਕੀ ਕਾਹਲ ਹੇਠਾਂ ਢਹਿਣ ਦੀ,
ਘੜੀ ਵੀ ਨਾ ਬੀਤੀ, ਤੁਹਾਡੇ ਰਹਿਣ ਦੀ ।
ਠਹਿਰੋ ਰਤਾ ! ਠਹਿਰੋ ਰਤਾ ! ਕੁਝ ਦੇਰ ਤਾਂ ,
ਹੋਰ ਨਹੀ ਤਾਂ ਇਕੋ ਵਾਰੀ ਮੁਸਕਰਾਓ,ਫ਼ੇਰ ਭਾਂਵੇਂ ਚਲੇ ਜਾਓ ।
ਕੀ ਮੈਂ ਸਮਝਾ ਕਿ ਤੁਹਾਡਾ ਜਨਮ ਹੋਇਐ,
ਦੇਣ ਲਈ ਖੇੜੇ ਭਰੀ ਇਕੋ ਹੀ ਝਾਤ,
ਅਤੇ ਫ਼ਿਰ ਆਖਣ ਲਈ ਬਸ ਸ਼ੁਭ ਰਾਤ
ਉਫ਼ ! ਕੁਦਰਤ ਨੇ ਤੁਹਾਨੂੰ ਨਜਮਿਐ ,ਕੇਵਲ ਤੁਹਾਡਾ ਮੁੱਲ ਹੀ ਦਰਸਾਣ ਨੂੰ
ਤੇ ਚੁੱਪ ਚਾਪ ਖੋ ਜਾਣ ਨੂੰ ।
ਪਰ ਤੁਸੀਂ ਹੋ ਕੁਦਰਤੀ ਪੰਨੇ ਜਿੱਥੋਂ,ਅਸੀਂ ਹਾਂ ਪੜ੍ਹਦੇ ਕਿ ਸੁੰਦਰ ਵਸਤੂਆਂ ,
ਕਿਤਨੀ ਛੇਤੀ ਨੇ ਖੋ ਵੀ ਜਾਂਦੀਆਂ ।
ਆਪਣੀ ਕੀਮਤ ਨੂੰ ਦਰਸਾਉਣ ਤੋਂ ਬਾਅਦ,
ਅੰਤ ਵਿਚ ਉਹ ਤੁਹਾਡੀ ਹੀ ਤਰ੍ਹਾਂ,
ਕਬਰ ਵਿਚ ਚੁੱਪ ਚਾਪ ਸੌਂ ਜਾਂਦੀਆਂ ।

# ਸੁਨਹਿਰੇ ਨਰਗਸੀ ਫੁੱਲ

**(ਕਵੀ ਵਿਲੀਅਮ ਵਰਡਜ਼ਵਰਥ ਦੀ ਕਵਿਤਾ The Doffodills ਦਾ ਅਨੁਵਾਦ)**



**ਕਲ ਮੁਕੱਲਾ ਭਟਕਦਾ ਮਨ ਬਦਲ ਦੇ ਵਾਂਗਰਾਂ,**

**ਜੋ ਪਹਾੜੀ ਵਾਦੀਆਂ ਦੇ ਉਪਰ ਉੱਚਾ ਉੱਡਦਾ,**

**ਜਦੋਂ ਅਚਾਨਕ ਤੱਕਿਆ ਮੈਂ ਝੀਲ ਦਾ ਕਿਨਾਰਾ ,**

**ਦਰੱਖ਼ਤਾਂ ਹੇਠ ਸੁਨਹਿਰੇ ਨਰਗਸੀ ਫੁਲਾਂ ਦਾ ਨਜ਼ਾਰਾ ।**

**ਵਗਦੀ ਪੌਣ ਵਿਚ ਜੋ ਝੂੰਮਦੇ ਤੇ ਨੱਚਦੇ ,**

**ਲਗਾਤਾਰ ਆਕਾਸ਼ ਗੰਗਾ ਦੇ ਤਾਰਿਆ ਵਾਂਗ ਚਮਕਦੇ।**

**ਅਮੁੱਕ ਲੜੀ ਵਿਚ ਚਮਕਦੇ ਤੇ ਜਗਮਗਾਂਦੇ ,**

**ਵਾਦੀ ਦੇ ਕੰਢਿਆਂ ਦੇ ਨਾਲ ਨਾਲ,**

**ਇਕੋ ਝਲਕ ਮੈਂ ਵੇਖੇ ਹਜ਼ਾਰਾਂ ਸਿਰ ਮਸਤੀ ਵਿਚ ਝੂੰਮਦੇ ।**

**ਆਲੇ ਦੁਆਲੇ ਝੀਲ ਦੀਆਂ ਲਿਸ਼ਕਾਂ ਮਾਰ ਨਚਦੀਆਂ**

**ਲਹਿਰਾਂ ਨਾਲੋਂ ਵੀ ਵੱਧ ਖੁਸ਼ੀ ਵਿਚ ਮੱਚਲਦੇ ।**

**ਕਵੀ ਮਨ ਇਹ ਨਜ਼ਾਰਾ ਵੇਖਕੇ ਖ਼ੁਸ਼ ਹੋਣੋ ਕਿਵੇਂ ਰਹਿ ਸਕਦਾ !**

ਮੰਤਰ ਮੁਗਧ ਹੋ ਮੈਂ ਬਸ ਵੇਖਦਾ, ਬਸ ਵੇਖਦਾ ਹੀ ਰਿਹਾ !

ਜਦੋਂ ਕਦੇ ਉਦਾਸ ਅਤੇ ਵਿਆਕੁਲ ਮਨ ਦੇ ਨਾਲ

ਮੈਂ ਅਪਣੇ ਪਲੰਗ ਤੇ ਹਾਂ ਪਸਰਦਾ,

ਉਹ ਨਜ਼ਾਰਾ ਮੇਰੀਆਂ ਅੰਤਰੀਵ ਅੱਖਾ ਅੱਗੇ ਆ ਸੱਜਦਾ

ਮਨ ਇੱਕਲੇਪਨ ਵਿਚ ਵੀ ਮਚਲਦਾ ।

ਅਗੰਮੀ ਖ਼ੁਸ਼ੀ ਨਾਲ ਮੱਚਦਾ ,

ਨਰਗਸੀ ਫ਼ੁੱਲਾਂ ਦੇ ਨਾਲ ਨਾਲ ਨੱਚਦਾ ।

# ਨਿਕੰਮੇ ਅੱਥਰੂ

(ਕਵੀ ਐਲਫ਼੍ਰੈਡ ਲਾਰਡ ਟੈਨੀਸਨ  ਦੀ ਕਵਿਤਾ :Tears, Idle Tears ਦਾ ਅਨੁਵਾਦ)

ਅੱਥਰੂ ਨਿਕੰਮੇ ਅੱਥਰੂ, ਪਤਾ ਨਹੀਂ ਕੀ ਆਖਦੇ ?
ਕਿਸੇ ਦੈਵੀ ਨਿਰਾਸ਼ਾ ਚੋਂ ਉਭਰੇ,
ਦਿਲ ਵਿਚ ਆਕੇ ਜੁੜੇ, ਤੇ ਅੱਖੀਆਂ ਵਿਚ ਆ ਚੜ੍ਹੇ ,
ਦੇਖ ਕੇ ਖੁਲ੍ਹੇ ਬਹਾਰਾਂ ਦੇ ਮੈਦਾਨ ,
ਸੋਚਕੇ ਉਨ੍ਹਾ ਦਿਨਾ ਨੂੰ , ਜੋ ਕਦੇ ਨਾ ਫ਼ਿਰ ਮੁੜੇ ।

ਚਮਕਦੇ ਨੇ ਉਨ੍ਹਾ ਬਾਦਬਾਨਾਂ ਦੇ ਉੱਤੇ
ਪੈ ਰਹੀ ਪਹਿਲੀ ਕਿਰਨ ਦੇ ਵਾਂਗਰਾਂ .
ਜੋ ਅਸਾਡੇ ਸੱਜਣਾਂ ਨੂੰ ਦੂਰ ਦੇਸਾਂ ਤੋਂ ਲੈਕੇ ਆਂਵਦੇ ।
ਅਤੇ ਉਦਾਸ ਨੇ ਉਸ ਆਖ਼ਰੀ ਕਿਰਨ ਦੇ ਵਾਂਙ,
ਜੋ ਦਿਸ–ਹੱਦੇ ਤੇ ਉਨ੍ਹਾ ਉਤੇ ਲਿਸ਼ਕਦੀ,
ਜੋ ਲੈਕੇ ਸਭ ਸਾਡੇ ਸਜਣ, ਦੁਮੇਲ ਤੇ ਡੁਬ ਜਾਂਵਦੇ ।
ਕਿਤਨੇ ਗਮਗੀਨ ਕਿਤਨੇ ਯਾਦ ਆਉਣ ਉਹ ਦਿਹਾੜੇ,
ਜੋ ਕਦੇ ਨਾ ਫ਼ਿਰ ਮੁੜੇ ।

ਹੁਨਾਲੇ ਦੀ ਸਵੇਰੇ,ਅੱਧ ਸੁੱਤੇ ਪੰਛੀਆਂ ਦਾ ਪਹਿਲਾ ਆਲਾਪ,
ਮਰਦੇ ਹੋਏ ਬੰਦੇ ਦੇ ਕੰਨੀ ਪੈਂਦਾ,
ਤੇ ਮਰ ਰਹੀਆਂ ਉਦਾਸ ਅੱਖਾਂ ਵਿਚ , ਖਿੜਕੀ ਕਾ ਚੋਖਟਾ,

ਇਕ ਧੁੰਦਲੇ ਵਰਗ ਵਾਂਗਰ ਉਭਰਦਾ ।

ਕਿਤਨੇ ਗਮਮੀਨ ਕਿਤਨੇ ਅਜਨਬੀ ਨੇ

ਉਹ ਦਿਹਾੜੇ,ਜੋ ਕਦੇ ਨਾ ਫ਼ਿਰ ਮੁੜੇ ।

ਮੌਤ ਮਗਰੋਂ ਦਿਤੇ ਗਏ ਚੁੰਮਣਾ ਦੇ ਵਾਂਗ ,

ਅਤੇ ਬੇਉਮੇਦੀ ਵਿਚ ਗੁਆਚੇ ਹੋਂਠਾਂ ਦਾ ਤਸੱਵਰ, ਜੋ ਪਰਾਏ ਹੋ ਗਏ ।

ਡੂੰਘੇ ਤੇ ਪਿਆਰ ਵਾਂਙਰਾਂ, ਪਹਿਲੇ ਪਿਆਰ ਦੀ ਤਰ੍ਹਾਂ ।

ਸਾਰੇ ਗਮਾਂ ਦੇ ਨਾਲ ਜ਼ਿੰਦਗੀ ਵਿਚ ਮੌਤ ਵਰਗੇ ।

ਉਹ ਦਿਹਾੜੇ ਜੋ ਕਦੇ ਨਾ ਫ਼ਿਰ ਮੁੜੇ ।

# ਆ ਸਜਣ ਮਿਲ ਬੈਠ

ਆ ਸਜਣ ਮਿਲ ਬੈਠ ਦੋ ਪਲ ਗਾਏਇ ,
ਆਦਿ ਦੀ ਇਕ ਸਾਂਝ ਨੂੰ ਧੜਵਕਾਈਏ ।
ਜ਼ਿੰਦਗੀ ਦੇ ਨਾਲ ਤੁਰਦੇ ਜਾਈਏ ,
ਕੌਣ ਤੂੰ ਤੇ ਕੌਣ ਮੈਂ ਭੁੱਲ ਜਾਈਏ ।

ਜਿੰਦ ਜੋ ਜੰਮੀ ਬਿਰਹਾ ਦੀ ਪੀੜ ਨਾਲ,
ਆ ਕਿ ਇਸ ਲਈ ਮੇਲ ਦਾ ਵਰ ਪਾਈਏ ।
ਆ ਕਿ ਅਜ ਸ਼ਹੁ ਦਾ ਸਵਾਗਤ ਕਰਨ ਲਈ,
ਮਾਲਾ ਦਿਲਾਂ ਦੇ ਫੁਲਾਂ ਦੀ ਬਣਵਾਈਏ ।

ਆ ਕਿ ਪੀੜਾਂ ਡੀਕ ਲਾ ਕੇ ਪੀਵੀਏ,
ਆ ਕਿ ਖੁਸ਼ੀਆਂ ਨਿਤ ਲੁਟਾਂਦੇ ਜਾਈਏ ।
ਹਰ ਜ਼ਖਮ ਤੇਰਾ ਬਣੇ ਮੇਰਾ ਜ਼ਖਮ,
ਹਰ ਇਕ ਖੁਸ਼ੀ ਮੇਰੀ, ਤੇਰੀ ਭੀ ਚਾਹੀਏ ।

ਆ ਗੁਣਾ ਦਾ ਸਾਕ ਪੱਕਾ ਜੋੜੀਏ ।
ਅਉਗੁਣਾ ਦੀ ਧੂੜ ਨਾ ਓਡਾਈਏ।
ਚਿਤਰੀਏ ਰਾਹਾਂ ਤੇ ਫੁਲਾਂ ਦੇ ਨਿਸ਼ਾਨ ,
ਕੰਡਿਆਂ ਦੀ ਚੋਭ ਖਾ ਮੁਸਕਾਈਏ ।

ਇਕੋ ਦੀਆ ਗੱਲਾਂ ਦਾ ਜਾਗੇ ਸ਼ੋਕ ਇੰਵ ,
ਇਕੋ ਹੀ ਸੁਰ ਵਿਚ ਗੀਤ ਉਸਦੇ ਗਾਈਏ ।
ਅੰਤ ਵਿਚ ਨਾ ਤੂੰ ਰਵ੍ਹੇਂ ਨਾ ਮੈ ਰਵ੍ਹਾਂ,
ਨਦੀ ਬਣ ਸ਼ਹੁ–ਸਾਗਰੀਂ ਰਲ ਜਾਇਏ।